


www.PunjabiLibrary.com

# ਕਾਲਾ ਗੁਲਾਬ

ਅਕਸ਼ੇ - ਟੋਹਰ ਦੱਸ ਤੂੰ ਅੱਜ ਵੀਰ ਦੀ।

ਮਨਬੀਰ - ਭਰਾ ਤੂੰ ਤੇ ਲੱਗਦਾ ਵਿਆਹ ਚ' ਆਉਣ ਵਾਲੀਆਂ ਸਾਰੀਆਂ ਵਿਆਹ ਕੇ ਲੈਜੇਗਾਂ। ਸਾਡੇ ਲਈ ਵੀ ਰਹਿਣ ਦੇ ਕੋਈ ਕਿ ਨਹੀਂ?

ਅਕਸ਼ੇ - ਤੇਰੇ ਨਾਲ ਕਾਲਿਆ ਜਿਹਾ ਫਸਦੀ ਤੇ ਕੋਈ ਹੈਨੀ।

ਮਨਬੀਰ - ਕੀ ਕਰਾਂ ਯਾਰ ਰੱਬ ਨੇ ਬਣਾਂ ਹੀ ਆਪਣੇ ਵਰਗਾ ਲਿਆ। ਸੋਚਦਾ ਹੋਣਾ ਮੈਂ ਤੇ ਕੱਲਾ ਰਹਿਣਾ ਹੀ ਆ। ਇਨੂੰ ਵੀ ਏਦਾ ਰੱਖਦਾ।

ਅਕਸ਼ੇ - ਹਾ ਹਾ ਹਾ ਹਾ ਹਾ.. ਮੈਂ ਸੁਣਿਆਂ ਤੂੰ ਸੰਜਨਾ ਨੂੰ ਵੀ ਪੁੱਛਿਆ ਸੀ?

ਮਨਬੀਰ - ਕੁਝ ਨਾ ਪੁੱਛ ਭਰਾ ਉਹ ਦਿਨ ਕੀ ਹੋਇਆ। ਮੈਂ ਫੁੱਲਾਂ ਦਾ ਟੋਕਰਾਂ ਕੱਠਾ ਕਰ ਪੁੱਛਿਆ। ਪਹਿਲਾਂ ਮਜ਼ਾਕ ਉਡਾਉਣ ਦੀ ਮਾਰੀ ਨੇ ਹਾਂ ਕਰਤੀ। ਜਦੋਂ ਮੈਂ ਖੁਸ਼ੀ ਵਿੱਚ ਸਾਰਿਆ ਨੂੰ ਪਾਰਟੀ ਕਰ ਤੀ। ਪਾਰਟੀ ਵਿੱਚ ਹੀ ਨਾਂਹ ਕਰਤੀ। ਕਹਿੰਦੀ ਮੈਂ ਤਾਂ ਤੇਰੀ ਦੋਸਤ ਵੀ ਨੀ ਬਣ ਸਕਦੀ ਮਸ਼ੂਕ ਤਾਂ ਬੜੀ ਦੂਰ ਦੀ ਗੱਲ ਆ। ਓਦਾਂ ਚੰਦਰੀ ਹੈ ਬਹੁਤੀ ਕੈਮ ਸੀ।

ਅਕਸ਼ੇ - ਹੁਣ ਨਾ ਓਦੇ ਬਾਰੇ ਸੋਚ ਪੁੱਤ। ਤੇਰੀ ਭਾਬੀ ਆ।

ਮਨਬੀਰ - ਪਤਾ ਵਾ ਯਾਰ। ਐਵੇਂ ਬਾਰ-ਬਾਰ ਕਹਿ ਜਖਮਾਂ ਤੇ ਲੂਣ ਨਾ ਛਿੜਕ।

ਅਕਸ਼ੇ - ਵੈਸੇ ਜੇ ਮੈਂ ਕੁੜੀ ਹੁੰਦਾ ਮੈਂ ਤੇਰੇ ਨਾਲ ਪੱਕਾ ਫਸ ਜਾਣਾ ਸੀ। ਵਿਆਹ ਵੀ ਅਸਾਨੀ ਨਾਲ ਹੋ ਜਾਣਾ ਸੀ। ਆਪਣੇ ਬਾਪੂ ਹੁਣਾ ਦੀ ਯਾਰੀ ਵੇਖ ਕਿੰਨੀ ਪੱਕੀ ਆ। ਅਸਾਨੀ ਨਾਲ ਮੰਨ ਜਾਣਾ ਸੀ ਉਨ੍ਹਾਂ।

ਮਨਬੀਰ - ਕਿੱਥੇ ਭਰਾ.. ਜੇ ਕਿਤੇ ਤੂੰ ਕੁੜੀ ਹੁੰਦਾ ਤੂੰ ਕਹਿਣਾ ਸੀ ਆਪਣੇ ਬਾਪੂ ਤੇ ਭਰਾ ਬਣੇ ਨੇ ਮੈਂ ਤਾਂ ਤੇਰੀ ਭੈਣ ਲੱਗਦੀ ਆ।

ਦੋਨੋਂ ਉੱਚੀ-ਉੱਚੀ ਹੱਸਣ ਲੱਗ ਪਏ।

ਮਨਬੀਰ - ਉਦਾਂ ਜੇ ਹੋ ਵੀ ਜਾਂਦਾ ਤੁਸੀਂ ਬਾਹਮਣ ਅਸੀਂ ਸਿੱਖ। ਤੁਸੀਂ ਕਹਿਣਾ ਸੀ ਫੇਰੇ ਕਰਨੇ ਅਸੀਂ ਕਹਿਣਾ ਸੀ ਲਾਵਾਂ, ਤੁਸੀਂ ਕਹਿਣਾ ਸੀ ਰਾਤ ਵਿਆਹ ਕਰਨਾ ਅਸੀਂ ਕਹਿਣਾ ਸੀ ਦਿਨੇ। ਪੰਗੇ ਪਈ ਜਾਣੇ ਸੀ।

ਅਕਸ਼ੇ - ਹਾ ਹਾ ਹਾ ਹਾ... ਚੰਗਾ ਹੋਇਆ ਮੈਂ ਮੁੰਡਾ ਹੀ ਆ।

ਦੋਨੋਂ ਫਿਰ ਤੋਂ ਉੱਚੀ ਉੱਚੀ ਹੱਸਣ ਲੱਗ ਪਏ।

ਮਨਬੀਰ - ਚੱਲ ਹੁਣ ਤੂੰ ਤਿਆਰੀ ਰੱਖ ਮੈਂ ਬਾਕੀਆਂ ਦੀ ਵੀ ਤਿਆਰੀ ਵੇਖਾਂ। ਇਹ ਨਾ ਹੋਵੇ ਵਿਆਹ ਵਾਲਾ ਮੁੰਡਾ ਕੱਲਾ ਹੀ ਬਰਾਤ ਲੈ ਕੇ ਪੁੱਜਾ ਹੋਵੇ।

ਅਕਸ਼ੇ - ਜਾ ਭਰਾ ਕਿਤੇ ਸੱਚੀ ਨਾ ਏਦਾਂ ਹੋਵੇ। ਜਾ ਛੇਤੀ-ਛੇਤੀ ਜਾ..

ਮਨਬੀਰ - ਚੰਗਾ।

ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਬਰਾਤ ਤੁਰਨ ਵਿੱਚ ਥੋੜ੍ਹਾ ਹੀ ਸਮਾਂ ਬਾਕੀ ਸੀ। ਅਕਸ਼ੇ ਹਿੰਦੂ ਪਰਿਵਾਰ ਦਾ ਮੁੰਡਾ ਸੀ

ਜਿਸ ਕਾਰਨ ਵਿਆਹ ਰਾਤ ਦਾ ਸੀ। ਅਕਸ਼ੇ ਨੂੰ ਤਿਆਰ ਕਰ ਮਨਬੀਰ ਬਾਕੀ ਹੋਰ ਘਰਦਿਆਂ ਨੂੰ ਤਿਆਰ ਕਰਨ ਵਿੱਚ ਲੱਗ ਗਿਆ। ਮਨਬੀਰ ਤੇ ਅਕਸ਼ੇ ਲੰਗੋਟੀਏ ਯਾਰ ਸੀ ਤੇ ਉਨ੍ਹਾਂ ਦੇ ਪਿਉ ਵੀ। ਉਹ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਰਿਸ਼ਤੇਦਾਰਾਂ ਨਾਲੋਂ ਵੱਧ ਸਾਥ ਨਿਭਾਉਂਦੇ ਆ ਰਹੇ ਸਨ। ਅਕਸ਼ੇ ਦੇ ਵਿਆਹ ਦੀ ਜਿੰਮੇਵਾਰੀ ਵੀ ਲਗਭਗ ਸਾਰੀ ਮਨਬੀਰ ਦੇ ਸਿਰ ਤੇ ਸੀ। ਅਕਸ਼ੇ ਬਹੁਤ ਗੋਰਾ-ਚਿੱਟਾ ਸੀ। ਤੇ ਮਨਬੀਰ ਪੱਕੇ ਰੰਗ ਦਾ। ਜਿਸ ਕਾਰਨ ਲੋਕ ਮਨਬੀਰ ਤੋਂ ਜ਼ਿਆਦਾਤਰ ਦੂਰ ਹੀ ਰਹਿੰਦੇ ਸਨ। ਖਾਸ ਕਰ ਕੁੜੀਆਂ। ਅੱਜ ਤੱਕ ਮਨਬੀਰ ਨਾਲ ਕਦੇ ਕਿਸੇ ਕੁੜੀ ਦੀ ਗੱਲਬਾਤ ਨਹੀਂ ਸੀ ਹੋਈ।

ਲੱਗਭਗ ਸਭ ਤਿਆਰ ਸਨ। ਬਰਾਤ ਚੱਲਣ ਦਾ ਸਮਾਂ ਹੋ ਗਿਆ। ਬੈਂਡ ਵਾਜੇ ਵੱਜਣ ਲੱਗੇ। ਅਕਸ਼ੇ ਦਾ ਪਿਤਾ ਸਤੀਸ਼ ਨੱਚਣ ਲੱਗਾ। ਹੋਰ ਪਰਿਵਾਰਿਕ ਮੈਂਬਰ ਵੀ ਭੜਥੂ ਪਾਉਣ ਲੱਗੇ। ਮਨਬੀਰ ਦੇ ਪਿਤਾ ਰਜਿੰਦਰ ਸਿੰਘ ਕੰਮ ਕਾਰ ਵਿਚ ਵਿਅਸਤ ਸੀ। ਸਤੀਸ਼ ਅਕਸ਼ੇ ਦਾ ਪਿਉ ਕਾਹਲੀ ਨਾਲ ਉਸ ਵੱਲ ਗਿਆ ਤੇ ਬਾਹੋਂ ਫੜ ਖਿੱਚ ਲਿਆਇਆ। ਦੋਨੋਂ ਇੱਕ ਦੂਜੇ ਦਾ ਹੱਥ ਫੜ ਨੱਚਣ ਲੱਗੇ। ਮਨਬੀਰ ਵੀ ਆ ਨੱਚਣ ਲੱਗਾ। ਬਰਾਤ ਚੱਲਣ ਲਈ ਬਿਲਕੁਲ ਤਿਆਰ ਸੀ। ਸਭ ਰਸਮਾਂ ਰਿਵਾਜ ਹੋਣ ਲੱਗੇ। ਸਭ ਖੁਸ਼ੀ ਵਿੱਚ ਝੂਮ ਰਹੇ ਸਨ। ਲਾੜੇ ਦੀ ਸਵਾਰੀ ਲਈ ਸ਼ਾਹੀ ਰੱਥ ਤਿਆਰ ਸੀ। ਅਕਸ਼ੇ ਰੱਥ ਤੇ ਸਵਾਰ ਹੋ ਗਿਆ। ਮਨਬੀਰ ਵੀ ਰੱਥ ਤੇ ਚੜ ਗਿਆ ਤੇ ਨੱਚਣਾ ਜਾਰੀ ਰੱਖਿਆ। ਬਰਾਤ ਚੱਲ ਪਈ। ਬਰਾਤ ਨੇੜੇ ਹੀ ਕਿਸੇ ਪੈਲਿਸ ਵਿੱਚ ਜਾਣੀ ਸੀ ਇਸ ਲਈ ਬਾਕੀ ਸਾਰੇ ਪੈਦਲ ਚੱਲ ਪਏ। ਨੱਚਦੇ-ਟੱਪਦੇ ਬਰਾਤ ਪੈਲਿਸ

ਵਿੱਚ ਪੁੱਜ ਗਈ। ਕੁੜੀ ਦੇ ਪਰਿਵਾਰ ਨੇ ਬਹੁਤ ਨਿੱਘਾ ਸਵਾਗਤ ਕੀਤਾ। ਸਵਾਗਤ ਦੌਰਾਨ ਹੀ ਕਈ ਪ੍ਰਕਾਰ ਦੇ ਸ਼ਰਬਤ, ਜੂਸ, ਠੰਡੇ ਕਾਜੂ, ਬਦਾਮ ਤੇ ਹੋਰ ਸੋਗਾਤਾਂ ਬਰਾਤ ਨੂੰ ਭੇਟ ਕੀਤੀਆਂ ਗਈਆਂ। ਉਪਰਾਂਤ ਮਿਲਣੀ ਹੋਈ ਤੇ ਫਿਰ ਰੇਬਨ ਕਟਾਈ। ਕੁੜੀ ਦੀਆਂ ਭੈਣਾਂ ਨੇ 5100 ਰੁਪਏ ਲੈ ਹੀ ਰੇਬਨ ਕੱਟਣ ਦਿੱਤਾ। ਫਿਰ ਕੁੜੀ ਨੂੰ ਲਿਆਂਦਾ ਗਿਆ। ਕੁੜੀ ਬਹੁਤ ਖੂਬਸੂਰਤ ਲੱਗ ਰਹੀ ਸੀ। ਕੁੜੀ ਵੱਲ ਦੇਖ ਸਾਰੇ ਹੀ ਉਸ ਦੀ ਪ੍ਰਸੰਸ਼ਾ ਕਰ ਰਹੇ ਸਨ। ਸਭ ਅਕਸ਼ੇ  ਦੀ ਖੁਸ਼ ਨਸੀਬੀ ਦੀਆਂ ਗੱਲਾਂ ਕਰ ਰਹੇ ਸਨ। ਫਿਰ ਜੈ ਮਾਲਾ ਦੀ ਰਸਮ ਹੋਈ ਤੇ ਉਪਰਾਂਤ ਸਭ ਨੇ ਵੰਨ-ਸੁਵੰਨੇ ਪਕਵਾਨ ਖਾਧੇ ਤੇ ਖੂਬ ਮਸਤੀ ਕੀਤੀ।

ਹੁਣ ਵਿਆਹ ਦੀ ਸਭ ਤੋਂ ਮਹੱਤਵਪੂਰਨ ਰਸਮ ਲਈ ਸਭ ਸਜਾਏ ਗਏ ਮੰਡਪ ਵਿੱਚ ਬੈਠ ਗਏ। ਦੋਨਾਂ ਪਾਸਿਆ ਦੇ ਪੰਡਤਾਂ ਨੇ ਕਾਰਜ ਅਰੰਭ ਕਰ ਦਿੱਤਾ। ਅਕਸ਼ੇ ਤੇ ਕੁੜੀ ਦੇ ਮਾਤਾ ਪਿਤਾ ਨੇ ਰਸਮਾਂ ਕੀਤੀਆਂ। ਫਿਰ ਕੁੜੀ ਨੂੰ ਮੰਡਪ ਵਿੱਚ ਲਿਆਂਦਾ ਗਿਆ। ਹੋਰ ਰਸਮਾਂ ਹੋਈਆਂ ਤੇ ਫੇਰੇ ਹੋਏ। ਅਕਸ਼ੇ ਨੇ ਸੰਜਨਾ ਨੂੰ ਮੰਗਲਸੂਤਰ ਪਹਿਨਾਇਆ। ਹੋਰ ਵੀ ਰਸਮਾਂ ਹੋਈਆਂ। ਫਿਰ ਵਿਦਾਇਗੀ ਹੋਣ ਦਾ ਵੇਲਾ ਹੋ ਗਿਆ। ਡੋਲੀ ਵਾਲੀ ਕਾਰ ਫੁੱਲਾਂ ਨਾਲ ਸਜਾਈ ਹੋਈ ਪੈਲਿਸ ਦੇ ਬੂਹੇ ਤੇ ਆਣ ਖੜੀ ਹੋਈ। ਜਿਸ ਨੂੰ ਮਨਬੀਰ ਚਲਾ ਰਹਾ ਸੀ। ਸਮਾਂ ਕਰੀਬ ਸਵੇਰ ਦੇ ਚਾਰ ਵਜੇ ਦਾ ਸੀ। ਵਿਦਾਇਗੀ ਦੇ ਗੀਤ ਗਾਏ ਜਾਣ ਲੱਗੇ। ਵਿਦਾਇਗੀ ਦੀ ਰਸਮ ਹੋਈ ਤੇ ਕੁੜੀ ਮੁੰਡਾ ਡੋਲੀ ਵਾਲੀ ਕਾਰ ਵਿੱਚ ਬੈਠ ਗਏ। ਨਾਲ ਹੀ ਡਰਾਇਵਰ ਵਾਲੀ ਸੀਟ ਤੇ ਮਨਬੀਰ ਤੇ ਨਾਲ ਵਾਲੀ ਤੇ ਅਕਸ਼ੇ ਦੀ ਮਾਂ ਬੈਠ ਗਈ। ਬਾਕੀ ਬਰਾਤ ਨੂੰ

ਲੈਣ ਲਈ ਗੱਡੀਆਂ ਆ ਗਈਆਂ। ਸਭ ਬੈਠ ਗਏ। ਡੋਲੀ ਚੱਲ ਪਈ। ਕੁਝ ਮਿੰਟਾਂ ਵਿੱਚ ਹੀ ਸਭ ਅਕਸ਼ੇ ਦੇ ਘਰ ਪੁੱਜ ਗਏ। ਹੋਰ ਰਸਮਾਂ ਹੋਈਆਂ ਤੇ ਸਭ ਨੇ ਖ਼ੂਬ ਮਸਤੀ ਕੀਤੀ। ਰਸਮਾਂ ਰਿਵਾਜਾਂ ਵਿੱਚ ਹੀ ਦਿਨ ਬੀਤ ਗਿਆ। ਓਸੇ ਦਿਨ ਹੀ ਲਗਭਗ ਸਭ ਰਿਸ਼ਤੇਦਾਰ ਆਪੋ-ਆਪਣੇ ਘਰਾਂ ਨੂੰ ਵਾਪਿਸ ਪਰਤ ਗਏ। ਬਚੇ ਹੋਏ ਪਰਿਵਾਰਿਕ ਮੈਂਬਰਾਂ ਨੇ ਰਾਤ ਦਾ ਰੋਟੀ ਪਾਣੀ ਛਕਿਆ ਤੇ ਨਵੀਂ ਨੂੰਹ ਤੇ ਅਕਸ਼ੇ ਨਾਲ ਸ਼ਰਾਰਤਾਂ ਕੀਤੀਆਂ। ਉਪਰਾਂਤ ਸੰਜਨਾ ਨੂੰ ਅਕਸ਼ੇ ਦੇ ਕਮਰੇ ਵਿੱਚ ਛੱਡ ਕੇ ਆਏ ਤੇ ਫਿਰ ਅਕਸ਼ੇ ਨੂੰ ਭੇਜਿਆ ਗਿਆ। ਕਮਰੇ ਵਿੱਚ ਫੁੱਲ ਹੀ ਫੁੱਲ ਵਿਛੇ ਹੋਏ ਸਨ। ਹੱਦ ਤੋਂ ਪਰੇ ਸਜਾਵਟ ਕੀਤੀ ਗਈ। ਅਕਸ਼ੇ ਨੇ ਕਮਰੇ ਦਾ ਬੂਹਾ ਬੰਦ ਕੀਤਾ ਤੇ ਸੰਜਨਾ ਵੱਲ ਵਧਿਆ। ਸੰਜਨਾ ਦਾ ਘੁੰਗਟ ਚੁੱਕਿਆ। ਉਸ ਨੇ ਨਜ਼ਰ ਉਪਰ ਨਾ ਚੁੱਕੀ ਸ਼ਾਇਦ ਉਹ ਸਰਮਾਂ ਰਹੀ ਸੀ। ਅਕਸ਼ੇ ਨੇ ਬੜੇ ਹੀ ਪਿਆਰ ਨਾਲ ਉਸਦਾ ਚਿਹਰਾ ਆਪਣੇ ਹੱਥ ਨਾਲ ਠੋਡੀ ਤੋਂ ਉੱਪਰ ਨੂੰ ਚੁੱਕਿਆ ਤੇ ਕਿਹਾ..

ਅਕਸ਼ੇ - ਵਾਹ ਓ ਮੇਰਿਆ ਰੱਬਾ ਇਹ ਤਾਂ ਅਲੀ ਬਾਬਾ ਦਾ ਖਜ਼ਾਨਾ ਹੱਥ ਲੱਗ ਗਿਆ ਈ।

ਸੰਜਨਾ ਥੋੜਾ ਜਿਹਾ ਮੁਸਕਰਾਈ। ਅਕਸ਼ੇ ਫਿਰ ਬੋਲਿਆ..

ਅਕਸ਼ੇ - ਜਨਾਬ ਜੇ ਇਜ਼ਾਜਤ ਹੋਵੇ ਤਾਂ ਇਨ੍ਹਾਂ ਲਬਾਂ ਦੀ ਰੋਣਕ ਦਾ ਹਿੱਸੇਦਾਰ ਬਣ ਜਾਵਾਂ?

ਸੰਜਨਾ ਨੇ ਨਜ਼ਰ ਭਰ ਅਕਸ਼ੇ ਵੱਲ ਤੱਕਿਆ ਤੇ ਬੜੇ ਪਿਆਰ ਨਾਲ ਸਿਰ ਹਿਲਾਇਆ। ਅਕਸ਼ੇ ਨੇ ਸੰਜਨਾ ਨੂੰ ਬਾਹਾਂ ਵਿੱਚ ਭਰਿਆ ਤੇ ਆਪਣੀ ਖੁਸ਼ੀ ਜਾਹਿਰ ਕੀਤੀ।

ਰਾਤ ਬੀਤ ਗਈ। ਬੂਹਾ ਖਟਕਿਆ। ਅਕਸ਼ੇ ਕਾਹਲੀ ਨਾਲ ਉੱਠਿਆ ਤੇ ਘੜੀ ਵੱਲ ਦੇਖਿਆ। ਸਮਾਂ ਸਵੇਰ ਦੇ ਨੌ ਵੱਜਣ ਵਾਲੇ ਸਨ। ਉਸਨੇ ਲੀੜੇ ਪਾਏ ਤੇ ਬੂਹਾ ਖੋਲ੍ਹਿਆ। ਦੇਖਿਆ ਤਾਂ ਅਕਸ਼ੇ ਦੀ ਮਾਂ ਚਾਹ ਲੈ ਕੇ ਖੜੀ ਸੀ। ਅਕਸ਼ੇ ਨੇ ਕਾਹਲੀ ਨਾਲ ਚਾਹ ਫੜੀ ਤੇ ਆਪਣੀ ਮਾਂ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬੂਹਾ ਬੰਦ ਕਰ ਦਿਤਾ। ਅਕਸ਼ੇ ਦੀ ਮਾਂ ਪੂਜਾ ਦੀ ਗੱਲ ਬਸ ਲਬਾਂ ਤੇ ਹੀ ਰਹਿ ਗਈ। ਉਹ ਮੁਸਕਰਾਈ ਤੇ ਚਲੀ ਗਈ। ਅਕਸ਼ੇ ਨੇ ਚਾਹ ਟੇਬਲ ਉੱਪਰ ਰੱਖੀ ਤੇ ਸੰਜਨਾ ਨੂੰ ਦੇਖਿਆ। ਪਰ ਉਹ ਉੱਥੇ ਨਹੀਂ ਸੀ। ਉਸਨੇ ਗੌਰ ਕੀਤਾ ਤਾਂ ਖੁਰੇ(ਬਾਥਰੂਮ) ਵਿੱਚ ਸੀ। ਕੁਝ ਦੇਰ ਪਿੱਛੋਂ ਉਹ ਨਹਾਂ ਕੇ ਆਪਣੇ ਵਾਲਾਂ ਨੂੰ ਪੂੰਝਦੀ ਬਾਹਰ ਆਈ। ਅਕਸ਼ੇ ਨੇ ਉਸਦੇ ਵੱਲ ਤੱਕਿਆ ਤੇ ਦੋਨੋਂ ਮੁਸਕਰਾਏ। ਦੋਨਾਂ ਨੇ ਚਾਹ ਪੀਤੀ ਤੇ ਕੁਝ ਦੇਰ ਗੱਲਾਂ ਬਾਤਾਂ ਕੀਤੀਆਂ। ਫਿਰ ਦੋਨੋਂ ਤਿਆਰ ਹੋ ਬਾਹਰ ਆ ਗਏ। ਸਭ ਨੂੰ ਸੁਭ ਸਵੇਰ ਦੀ ਸ਼ੁਭਕਾਮਨਾ ਦਿੱਤੀ ਤੇ ਗੱਲਾਂ ਬਾਤਾਂ ਕਰਨ ਲੱਗੇ।

ਏਨੇ ਨੂੰ ਮਨਬੀਰ ਵੀ ਆ ਗਿਆ। ਉਹ ਸਭ ਤੋਂ ਪਹਿਲਾਂ ਅਕਸ਼ੇ ਵੱਲ ਗਿਆ ਤੇ ਉਸਨੂੰ ਘੁੱਟ ਕੇ ਗਲੇ ਮਿਲਿਆ। ਤੇ ਕਿਹਾ..

ਮਨਬੀਰ - ਕਿੱਦਾ ਸੱਜਣਾ। ਬੜਾ ਖੁਸ਼ ਲੱਗਦਾ।

ਅਕਸ਼ੇ - ਖੁਸ਼ ਨਾ ਹੋਵਾਂ ਤੇ ਹੋਰ ਮਾਮਾ ਰੋਵਾਂ..

ਫਿਰ ਦੋਨੋਂ ਮੁਸਕਰਾਏ। ਅਕਸ਼ੇ ਬਾਕੀ ਪਰਿਵਾਰ ਦੇ ਮੈਂਬਰਾਂ ਨੂੰ ਵੀ ਮਿਲਿਆ ਤੇ ਖੁਸ਼ ਹੋ ਸੰਜਨਾ ਨੂੰ ਸੁਭ ਪ੍ਰਭਾਤ ਦੀ ਸ਼ੁਭਕਾਮਨਾ ਦਿੱਤੀ। ਫਿਰ ਹੋਰ ਗੱਲਾਂ ਹੋਣ ਲੱਗੀਆਂ ਤੇ ਅਕਸ਼ੇ ਨੂੰ ਛੇੜਣ ਲੱਗੇ। ਸੰਜਨਾ ਬੱਸ ਹੋਲੀ-ਹੋਲੀ ਖੁਸ਼ ਹੁੰਦੀ ਰਹੀ।

ਏਸੇ ਤਰਾਂ ਕਰੀਬ ਇੱਕ ਮਹੀਨਾ ਬੀਤ ਗਿਆ। ਅਕਸ਼ੇ ਫੌਜ ਵਿੱਚ ਹਵਲਦਾਰ ਸੀ। ਛੁੱਟੀ ਖਤਮ ਹੁੰਦੇ ਸਾਰ ਹੀ ਉਸਨੂੰ ਜਾਣਾ ਪਿਆ। ਸੰਜਨਾ ਵੀ ਕਾਫ਼ੀ ਪੜੀ ਲਿਖੀ ਸੀ ਪਰ ਕਿਸੇ ਨੌਕਰੀ ਤੇ ਨਹੀਂ ਸੀ ਲੱਗੀ। ਉਸ ਨੂੰ ਚਿੱਤਰਕਾਰੀ ਕਰਨਾ ਪਸੰਦ ਸੀ। ਉਹ ਕਿਸੇ ਵੀ ਪ੍ਰਕਾਰ ਦੀ ਚਿੱਤਰਕਾਰੀ ਕਰ ਸਕਦੀ ਸੀ। ਅਨੋਖਾ ਹੁਨਰ ਸੀ ਉਸਦੇ ਹੱਥਾਂ ਵਿੱਚ। ਮਨਬੀਰ ਇੱਕ ਸਰਕਾਰੀ ਬੈਂਕ ਵਿੱਚ ਮੈਨੇਜਰ ਦੇ ਅਹੁਦੇ ਤੇ ਸੀ।

ਕੁਝ ਦਿਨਾਂ ਪਿੱਛੋਂ ਸੰਜਨਾ ਦੇ ਫੋਨ ਦੀ ਬੈੱਲ ਵੱਜੀ। ਫੋਨ ਅਕਸ਼ੇ ਦਾ ਸੀ। ਉਸਨੇ ਦੱਸਿਆ ਕਿ ਉਸ ਦੀ ਛੁੱਟੀ ਮੰਜ਼ੂਰ ਹੋ ਗਈ ਹੈ। ਉਹ ਅੱਜ ਸ਼ਾਮ ਤੱਕ ਘਰ ਪਰਤ ਆਵੇਗਾ। ਸੰਜਨਾ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਜਦ ਪਤਾ ਲੱਗਾ ਕਿ ਅੱਜ ਦਿਲਾਂ ਦੇ ਜਾਨੀ ਦੇ ਦੀਦਾਰ ਹੋਣੇ ਨੇ, ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਉਸਨੇ ਆਪਣੀ ਸੱਸ ਨੂੰ ਦੱਸਿਆ। ਫਿਰ ਆਪਣੇ ਕਮਰੇ ਵਿੱਚ ਗਈ ਤੇ ਝੂਮਣ ਲੱਗੀ। ਉਹ ਕਦੇ ਸ਼ਿੰਗਾਰ ਕਰਦੀ, ਕਦੇ ਖੁੱਦ ਨੂੰ ਨਿਹਾਰਦੀ, ਕਦੇ ਛੱਤ ਤੇ ਚੜ ਰਾਹ ਵੱਲ ਦੇਖਦੀ। ਮਨ ਤੇ ਕੋਈ ਵੱਸ ਨਹੀਂ ਸੀ ਚੱਲ ਰਿਹਾ। ਅਜੇ ਨਵਾਂ-ਨਵਾਂ ਰਿਸ਼ਤਾ ਬਣਿਆ ਸੀ ਤੇ ਛੁੱਟੀ ਖਤਮ ਹੋਣ ਕਾਰਨ ਜਾਣਾ ਪੈ ਗਿਆ। ਉਸ ਵਕਤ ਭਾਂਵੇ ਉਹ ਉਦਾਸ ਜਰੂਰ ਹੋਈ ਸੀ। ਪਰ ਅੱਜ

ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਤੇ ਉਡੀਕ ਵਿੱਚ ਅੱਖੀਆਂ ਵਿਛਾਏਂ ਬੈਠੀ ਸੀ। ਸਮਾਂ ਕਾਫ਼ੀ ਬੀਤ ਚੁਕਾ ਸੀ। ਸ਼ਾਮ ਦੇ ਸੱਤ ਵੱਜ ਚੁੱਕੇ ਸਨ ਪਰ ਉਡੀਕ ਅਜੇ ਵੀ ਜਾਰੀ ਸੀ। ਰੇਡੀਓ ਤੇ ਮਧੁਰ ਅਵਾਜ਼ ਵਿੱਚ "ਇੱਕ ਪਿਆਰ ਕਾ ਨਗਮਾ ਹੈ" ਗੀਤ ਚੱਲ ਰਿਹਾ ਕਿ ਅਚਾਨਕ ਗੀਤ ਬੰਦ ਹੋ ਗਿਆ ਤੇ ਇੱਕ ਔਰਤ ਖਬਰਾਂ ਸੁਣਾਉਣ ਲੱਗੀ।

"ਇਹ ਅਕਾਸ਼ਵਾਣੀ ਹੈ। ਤਾਜਾਂ ਖਬਰਾਂ। ਹੁਣੇ-ਹੁਣੇ ਜੰਮੂ ਤੋਂ ਪੰਜਾਬ ਨੂੰ ਪਰਤ ਰਹੇ ਦੋ ਆਰਮੀ ਦੇ ਟਰੱਕਾਂ ਤੇ ਹਮਲਾ ਹੋਇਆ ਜਿਸ ਵਿੱਚ 22 ਜਵਾਨ ਸ਼ਹੀਦ ਹੋ ਗਏ ਤੇ ਲੱਗਭਗ 37 ਜਵਾਨ ਜਖ਼ਮੀ ਹੋ ਗਏ। ਇਹ ਹਮਲੇ ਦੀ ਅਜੇ ਕੋਈ ਪੁਸ਼ਤੀ ਨਹੀਂ ਹੋਈ"

ਉਸ ਤੋਂ ਬਾਅਦ ਹੋਰ ਵੀ ਖਬਰਾਂ ਪੜੀਆਂ ਗਈਆਂ ਪਰ ਸੰਜਨਾ ਦੇ ਕੰਨਾ ਤੱਕ ਉਹ ਖਬਰਾਂ ਪਹੁੰਚ ਨਾ ਸਕੀਆਂ। ਉਸ ਨੂੰ ਇੱਕ ਦਮ ਝਟਕਾ ਲੱਗਾ ਤੇ ਹੇਠਾਂ ਡਿੱਗ ਪਈ। ਉਸਦੇ ਕੋਲ ਕੋਈ ਨਹੀਂ ਸੀ। ਕੁਝ ਦੇਰ ਪਿੱਛੋਂ ਉੱਠੀ ਤੇ ਕਮਲੀ ਹੋਈ ਛੱਤ ਤੋਂ ਹੇਠਾਂ ਆਈ। ਦੇਖਿਆਂ ਤਾਂ ਸਾਰਾ ਪਰਿਵਾਰ ਇਕੱਠੇ ਹੋ ਕੇ ਬੈਠੇ ਹੋਏ ਸਨ, ਮਨਬੀਰ ਦਾ ਪਰਿਵਾਰ ਵੀ ਉੱਥੇ ਹੀ ਸੀ। ਸੰਜਨਾ ਨੂੰ ਆਉਂਦੀ ਦੇਖ ਉਸਦੀ ਸੱਸ ਕਾਹਲੀ ਨਾਲ ਉਸ ਵੱਲ ਗਈ ਤੇ ਉਸਨੂੰ ਸੰਭਾਲਿਆ। ਤੇ ਸੋਫੇ ਤੇ ਬਿਠਾਇਆ। ਕੋਈ ਕੁਝ ਵੀ ਨਹੀਂ ਸੀ ਬੋਲ ਰਿਹਾ। ਸਭ ਸ਼ਾਂਤ ਸਨ। ਅਕਸ਼ੇ ਦੇ ਪਿਤਾ ਨੂੰ ਵੀ ਆਰਮੀ ਦੇ ਦਫ਼ਤਰ ਤੋਂ ਫੋਨ ਆ ਚੁੱਕਾ ਸੀ ਜਿਸ ਵਿੱਚ ਸਾਫ ਤੌਰ ਤੇ ਪੁਸ਼ਟੀ ਕਰ ਦਿੱਤੀ ਕਿ ਸ਼ਹੀਦ ਹੋਣ ਵਾਲਿਆਂ ਵਿੱਚ ਅਕਸ਼ੇ ਵੀ

ਸ਼ਾਮਿਲ ਹੈ। ਸਭ ਅੱਥਰੂ ਵਹਾ ਰਹੇ ਸਨ ਪਰ ਕੋਈ ਵੀ ਜਾਹਿਰ ਨਹੀਂ ਸੀ ਕਰ ਰਿਹਾ। ਸ਼ਾਇਦ ਸੰਜਨਾ ਦੇ ਕਾਰਨ।

ਸੰਜਨਾ ਕਮਲਿਆਂ ਦੀ ਤਰਾਂ ਕਰ ਰਹੀ ਸੀ। ਜਿਵੇਂ ਉਸ ਨੂੰ ਕੋਈ ਸੁਰਤ ਨਾ ਰਹੀ ਹੋਵੇ। ਫਿਰ ਤੋਂ ਫੋਨ ਆਇਆ ਤੇ ਉਨ੍ਹਾਂ ਦੱਸਿਆ ਕਿ ਉਹ ਕੱਲ ਨੂੰ ਸ਼ਹੀਦ ਦੀ ਲਾਸ਼ ਲੈ ਕੇ ਆਉਣਗੇ। ਇਹ ਖਬਰ ਸੁਣ ਅਕਸ਼ੇ ਦੇ ਪਿਤਾ ਸਤੀਸ਼ ਕੋਲੋਂ ਹੰਝੂ ਰੋਕੇ ਨਾ ਗਏ ਤੇ ਉੱਚੀ-ਉੱਚੀ ਰੋਣ ਲੱਗਾ। ਉਸ ਵੱਲ ਦੇਖ ਅਕਸ਼ੇ ਦੀ ਮਾਂ ਪੂਜਾ ਵੀ ਰੋਣ ਲੱਗੀ। ਮਨਬੀਰ ਦੇ ਪਿਤਾ ਰਜਿੰਦਰ ਨੇ ਸਤੀਸ਼ ਨੂੰ ਹੌਂਸਲਾ ਰੱਖਣ ਲਈ ਕਿਹਾ। ਪਰ ਜਵਾਨ ਪੁੱਤ ਦੇ ਗੁਜਰਨ ਕਾਰਨ ਹੌਂਸਲਾ ਰੱਖਣਾ ਅਸਾਨ ਨਹੀਂ ਸੀ। ਉਹ ਰਜਿੰਦਰ ਦੇ ਗਲ ਲੱਗ ਹੋਰ ਉੱਚੀ-ਉੱਚੀ ਰੋਣ ਲੱਗਾ। ਮਨਬੀਰ ਇੱਕ ਪਾਸੇ ਬੈਠਾ ਸਭ ਤੋਂ ਲੁਕਾ ਕੇ ਅੱਥਰੂ ਵਹਾ ਰਹਾ ਸੀ। ਸੰਜਨਾ ਇੱਕ ਦਮ ਚੁੱਪ ਸੀ। ਰਾਤ ਏਦਾ ਹੀ ਬੈਠਿਆਂ ਬੀਤ ਗਈ। ਕਿਸੇ ਨੇ ਵੀ ਰਾਤ ਰੋਟੀ ਨਾ ਖਾਧੀ। ਸਵੇਰ ਹੋਈ। ਹੋਰ ਰਿਸ਼ਤੇਦਾਰ ਤੇ ਗੁਆਂਢੀ ਆਉਣ ਲੱਗੇ। ਮਨਬੀਰ ਨੇ ਅੰਤਿਮ ਸੰਸਕਾਰ ਲਈ ਸਭ ਤਿਆਰੀਆਂ ਕੀਤੀਆਂ। ਵੈਣ ਪਾਏ ਜਾਣ ਲੱਗੇ। ਸੰਜਨਾ ਅਜੇ ਵੀ ਓਸੇ ਤਰ੍ਹਾਂ ਹੀ ਬੈਠੀ ਹੋਈ ਸੀ। ਕੁਝ ਔਰਤਾਂ ਉੱਠੀਆਂ ਤੇ ਸੰਜਨਾ ਨੂੰ ਨਹਾ-ਧਵਾ ਕੇ ਤਿਆਰ ਕੀਤਾ। ਉਸ ਨੂੰ ਕੋਈ ਸੁਰਤ ਨਹੀਂ ਸੀ। ਕਰੀਬ ਗਿਆਰਾਂ ਵਜੇ ਫੌਜ ਦੀਆਂ ਗੱਡੀਆਂ ਆਈਆਂ। ਸਭ ਉਨ੍ਹਾਂ ਦੇ ਆਲੇ ਦੁਆਲੇ ਹੋ ਗਏ। ਬਹੁੱਤ ਇਕੱਠ ਸੀ। ਕਿਤੇ ਪੈਰ ਰੱਖਣ ਨੂੰ ਥਾਂ ਨਹੀਂ ਸੀ ਦਿੱਖਦੀ। ਗੱਡੀ ਵਿੱਚੋਂ ਫੌਜ ਦੇ ਜਵਾਨ ਉੱਤਰੇ ਤੇ ਉਨ੍ਹਾਂ ਨੇ ਸ਼ਹੀਦ ਵਾਲੇ ਬੰਦ ਬਕਸੇ ਨੂੰ ਮੋਢਿਆਂ ਤੇ ਚੁੱਕਿਆ ਤੇ ਅਰਥੀ ਦੇ ਕੋਲ ਬਣੇ ਥੜੇ ਤੇ ਰੱਖ

ਦਿੱਤਾ। ਫਿਰ ਝੁਕੇ ਹੋਏ ਤਿਰੰਗੇ ਨੂੰ ਬੜੇ ਸਨਮਾਨ ਸਹਿਤ ਇਕੱਠਾ ਕੀਤਾ ਗਿਆ। ਬਕਸੇ ਦਾ ਢੱਕਣ ਖੋਲ੍ਹਿਆ ਗਿਆ। ਜਦ ਸਭ ਨੇ ਅਗਾਹ ਹੋ ਸ਼ਹੀਦ ਨੂੰ ਦੇਖਣਾ ਚਾਹਿਆ ਤੇ ਮੁੜਦੇ ਪੈਰੀਂ ਪਿਛਾਂਹ ਹੋ ਗਏ। ਲਾਸ਼ ਪਹਿਚਾਨਣ ਦੇ ਜਾਂ ਦੇਖਣ ਦੇ ਰੂਪ ਵਿੱਚ ਬਿਲਕੁਲ ਵੀ ਨਹੀਂ ਸੀ। ਉਸਦਾ ਕੋਈ ਵੀ ਅੰਗ ਸਰੀਰ ਨਾਲ ਜੁੜਿਆ ਹੋਇਆ ਨਹੀਂ ਸੀ। ਇੱਕ ਲੱਤ ਤਾਂ ਹੈ ਹੀ ਨਹੀਂ ਸੀ। ਤੇ ਬਾਹਾਂ ਅੱਧ-ਪਚੱਧੀਆਂ। ਮੂੰਹ ਦਾ ਇੱਕ ਪਾਸਾ ਵੀ ਉੱਡਿਆ ਹੋਇਆ ਸੀ। ਪੂਰਾ ਸਰੀਰ ਬਸ ਛੱਲਣੀ-ਛੱਲਣੀ ਹੋਇਆ ਪਿਆ ਸੀ। ਅਕਸ਼ੇ ਦੀ ਮਾਂ ਤੇ ਪਿਤਾ ਵੇਖਣ ਲਈ ਅਗਾਂਹ ਵਧੇ ਤੇ ਦੇਖਦੇ ਸਾਰ ਪਿੱਟ-ਪਿੱਟ ਰੋਣ ਲੱਗੇ। ਮਨਬੀਰ ਨੇ ਦੋਨਾਂ ਨੂੰ ਸੰਭਾਲਿਆ। ਤੇ ਪਿੱਛੇ ਲੈ ਗਿਆ। ਸੰਜਨਾ ਨੂੰ ਅੱਗੇ ਨਾ ਲਿਆਦਾਂ। ਸਭ ਦੇ ਦੇਖਣ ਪਿੱਛੋਂ ਲਾਸ਼ ਨੂੰ ਅਰਥੀ ਤੇ ਲਿਟਾਇਆ ਗਿਆ। ਫੌਜੀਆਂ ਨੇ ਸ਼ਹੀਦ ਦੇ ਸਨਮਾਨ ਵਿੱਚ ਗੋਲੀਆਂ ਅਸਮਾਨ ਵੱਲ ਚਲਾ ਸਲਾਮੀ ਦਿੱਤੀ। ਉਪਰਾਂਤ ਸੰਸਕਾਰ ਦੀ ਵਿਧੀ ਹੋਈ। ਅਕਸ਼ੇ ਦੇ ਪਿਤਾ ਸਤੀਸ਼ ਨੇ ਅਰਥੀ ਨੂੰ ਅਗਨੀ ਭੇਂਟ ਕੀਤਾ। ਅਰਥੀ ਦੀ ਅਗਨੀ ਦੇਖ ਸੰਜਨਾ ਨੇ ਹੋਸ਼ ਸੰਭਾਲੀ ਤੇ ਅਰਥੀ ਵੱਲ ਭੱਜੀ। ਮਨਬੀਰ ਨੇ ਬੜੇ ਜੋਰ ਨਾਲ ਉਸ ਨੂੰ ਰੋਕਿਆ। ਉਹ ਉੱਚੀ-ਉੱਚੀ ਰੋਣ ਲੱਗੀ ਤੇ ਚੀਕਾਂ ਮਾਰਦੀ ਰਹੀ। ਉਸਦੀਆਂ ਚੀਕਾਂ ਕਾਰਨ ਸਭ ਦਾ ਧਿਆਨ ਉਸ ਵੱਲ ਸੀ। ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂਣ ਲੱਗੀਆਂ ਤੇ ਸੰਜਨਾ ਦੀਆਂ ਚੀਕਾਂ ਵੀ। ਕਾਫ਼ੀ ਦੇਰ ਤੱਕ ਸਭ ਉੱਥੇ ਖੜੇ ਰਹੇ। ਹੋਲੀ-ਹੋਲੀ ਸਭ ਆਪਣੇ ਘਰਾਂ ਨੂੰ ਪਰਤ ਗਏ ਤੇ ਗਿਣੇ-ਚੁਣੇ ਪਰਿਵਾਰਿਕ ਮੈਂਬਰ ਤੇ

ਗੁਆਂਢੀ ਉੱਥੇ ਰਹੇ। ਸੰਸਕਾਰ ਤੋਂ ਪਿੱਛੋਂ ਕਈ ਦਿਨ ਤੱਕ ਅੰਤਿਮ ਰਸਮਾਂ ਹੋਈਆ।

ਕੁਝ ਸਮੇਂ ਪਿੱਛੋਂ ਇੱਕ ਫੌਜ ਦੇ ਸਮਾਰੋਹ ਵਿੱਚ ਅਕਸ਼ੇ ਦੇ ਪਰਿਵਾਰ ਨੂੰ ਬੁਲਾਇਆ ਗਿਆ ਤੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ। ਸਭ ਨੂੰ ਸ਼ਹੀਦਾਂ ਦੀ ਵੀਰਗਤੀ ਲਈ ਪਰਮਵੀਰ ਚੱਕਰ ਭੇਂਟ ਕੀਤਾ ਗਿਆ। ਇਸ ਸਨਮਾਨ ਪਿੱਛੋਂ ਸਭ ਆਪਣੇ-ਆਪਣੇ ਘਰਾਂ ਨੂੰ ਪਰਤ ਗਏ। ਅਕਸ਼ੇ ਦੇ ਘਰ ਬਿਲਕੁਲ ਵੀ ਰੌਣਕ ਨਾ ਰਹੀ। ਸੰਜਨਾ ਆਪਣੇ ਕਮਰੇ ਵਿੱਚ ਹਰ ਵਕਤ ਬੰਦ ਰਹਿੰਦੀ। ਰੋਟੀ ਪਾਣੀ ਵੀ ਘੱਟ-ਵੱਧ ਖਾਂਦੀ। ਕਮਲਿਆਂ ਵਾਂਗੂੰ ਬਣੀ ਰਹਿੰਦੀ। ਉਸ ਦੇ ਮਾਤਾ-ਪਿਤਾ ਨੇ ਉਸਨੂੰ ਉਹਨਾਂ ਨਾਲ ਚੱਲਣ ਲਈ ਕਿਹਾ ਪਰ ਉਸਨੇ ਨਾਲ ਜਾਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਮਨਬੀਰ ਤੇ ਉਸਦਾ ਪਰਿਵਾਰ ਹਰ ਰੋਜ਼ ਅਕਸ਼ੇ ਘਰ ਆਉਂਦੇ ਤੇ ਉਨ੍ਹਾਂ ਦਾ ਖਿਆਲ਼ ਰੱਖਦੇ। ਏਸੇ ਤਰਾਂ ਕਰੀਬ ਦੌ-ਢਾਈ ਮਹੀਨੇ ਬੀਤ ਗਏ। ਇੱਕ ਦਿਨ ਅਚਾਨਕ ਅਕਸ਼ੇ ਦੇ ਪਿਤਾ ਸਤੀਸ਼ ਨੇ ਮਨਬੀਰ ਦੇ ਪਿਤਾ ਰਜਿੰਦਰ ਨੂੰ ਫੋਨ ਕਰ ਘਰ ਬੁਲਾਇਆ। ਕੁਝ ਚਿਰ ਪਿੱਛੋਂ ਰਜਿੰਦਰ ਘਰ ਆਇਆ ਤੇ ਸਤੀਸ਼ ਨੂੰ ਮਿਲਿਆ। ਕੋਲ ਹੀ ਅਕਸ਼ੇ ਦੀ ਮਾਂ ਪੂਜਾ ਵੀ ਬੈਠੀ ਸੀ। ਰਜਿੰਦਰ ਬੋਲਿਆ..

ਰਜਿੰਦਰ - ਕੀ ਗੱਲ ਕੋਈ ਜਰੂਰੀ ਕੰਮ ਸੀ?

ਸਤੀਸ਼ - ਹੈ ਤਾਂ ਜਰੂਰੀ ਹੀ। ਬਸ ਇੱਕ ਅਰਜ ਕਰਨੀ ਸੀ। ਜੇ ਮੰਜ਼ੂਰ ਹੋਵੇ ਬੜੀ ਕਿਰਪਾ ਹੋਵੇਗੀ।

ਰਜਿੰਦਰ - ਕਿਹੋ ਜਿਹੀਆਂ ਗੱਲਾਂ ਕਰ ਰਿਹਾ ਏ ਯਾਰ। ਹੁਕਮ ਕਰ ਤੂੰ, ਤੇਰਾ ਹਰ ਹੁਕਮ ਸਿਰ ਮੱਥੇ।

ਸਤੀਸ਼ - ਹੁਕਮ ਤਾਂ ਨਹੀਂ ਯਾਰਾ ਹੁਣ ਤਾਂ ਅਰਜ ਹੀ ਆ।

ਰਜਿੰਦਰ - ਗੱਲ ਤਾਂ ਦੱਸ ਕੀ ਆ?

ਸਤੀਸ਼ - ਸਮਝ ਨਹੀਂ ਆ ਰਹੀ ਕਿੱਦਾਂ ਸ਼ੁਰੂ ਕਰਾਂ।

ਰਜਿੰਦਰ - ਇਹੋ ਜਿਹੀ ਕਿਹੜੀ ਗੱਲ ਹੋ ਗਈ ਕਿ ਏਨਾ ਸੋਚ-ਵਿਚਾਰ ਕਰਨ ਦੀ ਲੋੜ ਪੈ ਗਈ? ਸੁੱਖ ਤਾਂ ਹੈ।

ਸਤੀਸ਼ - ਅਕਸ਼ੇ ਦੇ ਜਾਣ ਪਿੱਛੋਂ ਸੁੱਖ ਕਿੱਥੇ ਰਿਹਾ ਯਾਰ?

ਰਜਿੰਦਰ - ਦਿਲ ਹੌਲਾ ਨਾ ਕਰਿਆ ਕਰ। ਮਨਬੀਰ ਵੀ ਤੇਰਾ ਹੀ ਪੁੱਤ ਆ। ਭਾਂਵੇ ਏਥੇ ਰੱਖ ਲਾ ਉਸਨੂੰ ਪੱਕਾ।

ਸਤੀਸ਼ - ਆਪਣਾ ਸਮਝਦਾ ਹਾਂ ਤਦੇ ਤਾਂ ਤੈਨੂੰ ਅਰਜ ਕਰ ਰਹਾਂ ਹਾਂ।

ਰਜਿੰਦਰ - ਗੱਲ ਕੀ ਆ?

ਸਤੀਸ਼ - ਮੈਂ ਤੇਰੀ ਭਰਜਾਈ ਕਾਫ਼ੀ ਦਿਨਾਂ ਤੋਂ ਸੋਚ ਵਿਚਾਰ ਕਰ ਰਹੇ ਹਾਂ ਕਿ ਅਕਸ਼ੇ ਦੀ ਦੇ ਵਿਆਹ ਨੂੰ ਅਜੇ ਬਹੁਤਾ ਵਕਤ ਨਹੀਂ ਸੀ ਹੋਇਆ ਕਿ ਉਹ ਚੱਲ ਵੱਸਿਆ। ਚੱਲ ਉਹ ਤਾਂ ਜੋ ਰੱਬ ਨੂੰ ਮੰਜ਼ੂਰ ਸੀ ਓਹੀ ਹੋਣਾ ਹੈ। ਪਰ ਯਾਰ ਸੰਜਨਾ ਦੀ ਜਿੰਦਗੀ ਇੱਕ ਦਮ ਰੁੱਕ ਗਈ ਹੈ। ਸਾਨੂੰ ਮਸਝ ਨਹੀਂ ਆ ਰਹੀ ਕਿ

ਅਸੀਂ ਉਸਦੀ ਦੇਖ-ਭਾਲ ਕਰਾਂਗੇ ਜਾਂ ਉਹ ਸਾਡੀ ਕਰੇਗੀ। ਅਸੀਂ ਆਪਣੀ ਤਾਂ ਕਰ ਸਕਦੇ ਹਾਂ ਪਰ ਉਹ ਸਾਰੀ ਉਮਰ ਕਿੱਦਾ ਕੱਲਿਆਂ ਕੱਢੂ?

ਰਜਿੰਦਰ - ਸਮਝਦਾ ਹਾਂ ਮੈਂ ਤੇਰਾ ਦੁੱਖ। ਇਹ ਵੀ ਸਮਝ ਗਿਆ ਕਿ ਤੂੰ ਚਾਹੁੰਦਾ ਹੈ ਕਿ ਮੈਂ ਮਨਬੀਰ ਨਾਲ ਸੰਜਨਾ ਦੇ ਵਿਆਹ ਬਾਰੇ ਸੋਚਾਂ।

ਸਤੀਸ਼ - ਹਾਂ ਯਾਰਾਂ.. ਮੈਨੂੰ ਪਤਾ ਸੀ ਕਿ ਤੈਨੂੰ ਕੁਝ ਦੱਸਣ ਦੀ ਲੋੜ ਨਹੀਂ, ਬਿਨਾਂ ਕੁਝ ਕਹੇ ਹੀ ਤੂੰ ਮੇਰੇ ਦਿੱਲ ਦੀ ਗੱਲ ਬੁੱਝ ਲੈਂਦਾ ਏ। ਕੋਈ ਜੋਰ ਜ਼ਬਰਦਸਤੀ ਨਹੀਂ ਆ। ਤੂੰ ਮਨਬੀਰ ਨਾਲ ਗੱਲ ਕਰ ਤੇ ਰਣਜੀਤ ਭਾਬੀ ਨਾਲ ਵੀ। ਅਗਰ ਉਹ ਮੰਨਣ ਤਾਂ ਹੀ ਗੱਲ ਅੱਗੇ ਤੋਰਾਂਗੇ।

ਰਜਿੰਦਰ - ਕੋਈ ਨਾ ਮੇਰੇ ਭਰਾ, ਤੂੰ ਫਿਕਰ ਨਾ ਕਰ ਮੈਂ ਜਰੂਰ ਉਨ੍ਹਾਂ ਨਾਲ ਗੱਲ ਕਰਾਂਗਾਂ। ਵੈਸੈ ਜਿੱਥੋਂ ਤੱਕ ਮੈਨੂੰ ਲੱਗਦਾ ਉਹ ਮਨ੍ਹਾਂ ਨਹੀਂ ਕਰਨਗੇ। ਬਾਕੀ ਮਨਬੀਰ ਨੂੰ ਜਾਣਦਾ ਹੀ ਏ। ਜੇ ਤੂੰ ਵੀ ਉਸ ਨੂੰ ਕਹਿੰਦਾ ਤਾਂ ਉਹ ਕਦੇ ਮਨ੍ਹਾ ਨਹੀਂ ਕਰਦਾ।

ਸਤੀਸ਼ - ਹੈ ਤਾਂ ਠੀਕ ਪਰ ਮੈਂ ਮਨਬੀਰ ਦੀ ਖੁਸ਼ੀ ਨੂੰ ਖੋਹ ਦੁੱਖ ਉਸਦੇ ਪੱਲੇ ਨਹੀਂ ਬੰਨਣਾ ਚਾਹੁੰਦਾ। ਇਸ ਲਈ ਤੂੰ ਸੋਚ ਵਿਚਾਰ ਲੈ ਜੇ ਸਹੀ ਲੱਗਦਾ ਤਾਂ ਠੀਕ ਆ ਨਹੀਂ ਤਾਂ ਕੋਈ ਨੀ।

ਰਜਿੰਦਰ - ਮਨਬੀਰ ਨਾਲ ਤਾਂ ਗੱਲ ਹੋ ਜਾਵੂ। ਉਹ ਮੰਨ ਵੀ ਜਾਵੇਗਾ, ਪਰ ਕੀ ਸੰਜਨਾ ਨਾਲ ਤੂੰ ਗੱਲ ਕੀਤੀ। ਉਹ ਮੰਨੇਗੀ। ਜੇ ਉਹ ਮੰਨ ਗਈ ਤਾਂ ਉਸਦੇ ਮਾਪੇ ਤਾਂ ਵਿਰੋਧ ਤਾਂ ਨਹੀਂ ਕਰਨਗੇ? ਤੈਨੂੰ ਵੀ ਪਤਾ ਵਾ ਆਪਾ ਦੋਨੋਂ ਤਾਂ

ਭਰਾ ਹਾਂ। ਭਾਂਵੇ ਆਪਣੇ ਧਰਮ ਵੱਖੋ-ਵੱਖਰੇ ਨੇ ਪਰ ਆਪਾ ਕਦੇ ਵਿੱਥ ਨਹੀਂ ਕੀਤੀ। ਜੋ ਭਾਵ ਆਪਾ ਇੱਕ ਦੂਜੇ ਲਈ ਰੱਖਦੇ ਹਾਂ, ਕੀ ਉਹ ਸੰਜਨਾ ਦੇ ਮਾਪੇ ਸਮਝਣਗੇ? ਉਨ੍ਹਾਂ ਦੀ ਨਿਗ੍ਹਾ ਵਿੱਚ ਸਾਡਾ ਧਰਮ ਵੱਖਰਾ ਹੈ। ਤੇ ਪਤਾ ਨਹੀਂ ਉਹ ਆਪਣੀ ਧੀ ਨੂੰ ਸਿੱਖ ਧਰਮ ਵਿੱਚ ਵਿਆਉਣ ਜਾਂ ਨਹੀਂ।

ਸਤੀਸ਼ - ਹਾਂ ਉਨ੍ਹਾਂ ਨਾਲ ਵੀ ਕਰਨੀ ਪੈਣੀ ਗੱਲ। ਫਿਰ ਉਹ ਆਪ ਹੀ ਸੰਜਨਾ ਨਾਲ ਗੱਲ ਕਰਨਗੇ। ਸਾਡੇ ਵਿੱਚ ਹੌਸਲਾ ਨਹੀਂ ਕਿ ਅਸੀਂ ਸੰਜਨਾ ਨਾਲ ਗੱਲ ਕਰ ਸਕੀਏ। ਤੂੰ ਮਨਬੀਰ ਤੇ ਰਣਜੀਤ ਭਾਬੀ ਨਾਲ ਗੱਲ ਤੋਰ। ਜੇ ਉਹ ਮੰਨ ਗਏ ਤਾਂ ਏਧਰ ਵੀ ਮਨਾਉਣ ਦੀ ਕੋਸ਼ਿਸ ਕਰਾਂਗੇ। ਬਾਕੀ ਯਾਰ ਸੰਜਨਾ ਹੁਣ ਮੇਰੀ ਨੂੰਹ ਜਰੂਰ ਆ। ਪਰ ਤੋਰਾਂਗਾਂ ਉਸਨੂੰ ਮੈਂ ਧੀ ਬਣਾ ਕੇ ਹੀ।

ਰਜਿੰਦਰ - ਹਾਂ। ਵੈਸੇ ਹੁਣ ਹੱਕ ਸਭ ਤੋਂ ਵੱਧ ਤੇਰਾ ਹੀ ਆ ਸੰਜਨਾ ਤੇ। ਭਾਂਵੇ ਏਥੇ ਰੱਖ ਸਾਰੀ ਉਮਰ ਲਈ ਭਾਂਵੇ ਕਿਤੇ ਹੋਰ ਵਸਾ ਲੈ।

ਸਤੀਸ਼ - ਵਸਾਉਣੀ ਪੈਣੀ ਯਾਰ। ਵਿਚਾਰੀ ਨਿਆਣੀ ਜਿਹੀ ਤਾਂ ਹੈਗੀ ਆ ਅਜੇ ਉਹ। ਜਿੰਦਗੀ ਬਹੁਤ ਲੰਮੀ ਆ ਅਜੇ। ਇੱਕ ਉਹ ਗਰਭਵਤੀ ਵੀ ਆ। ਤੇ ਬੱਚੇ ਦੇ ਸਿਰ ਤੇ ਪਿਉ ਦਾ ਸਾਇਆ ਨਾ ਹੋਵੇ ਤਾਂ ਬੱਚਾ ਸਾਂਭਣਾ ਔਖਾ ਹੋ ਜਾਂਦਾ।

ਰਜਿੰਦਰ - ਕੋਈ ਨਾ ਯਾਰ ਜਿੱਥੋਂ ਤੱਕ ਮੈਂ ਮਨਬੀਰ ਨੂੰ ਜਾਣਦਾ ਹਾਂ ਉਹ ਕਿਸੇ ਦੇ ਦੁੱਖ ਚ' ਸ਼ਰੀਕ ਹੋਣ ਤੋਂ ਨਹੀਂ ਘਬਰਾਉਂਦਾ। ਭਾਂਵੇ ਖੁੱਦ ਦਾ ਨੁਕਸਾਨ ਹੀ ਕਿਉਂ ਨਾ ਹੋਵੇ। ਰੰਗ ਭਾਂਵੇ ਉਸਦਾ ਤਵੇ ਵਰਗਾ ਕਾਲਾ ਹੀ ਆ। ਪਰ ਕਿਸੇ

ਦੀ ਭੁੱਖ ਮਿਟਾਉਣ ਲਈ ਖੁੱਦ ਨੂੰ ਸਾੜਣ ਤੋਂ ਨਹੀਂ ਡਰਦਾ। ਉਸਦਾ ਦਿਲ ਹਮੇਸ਼ਾ ਮਹਿਕਦਾ ਹੈ। ਕਾਲੇ ਗੁਲਾਬ ਦੀ ਤਰਾਂ।

ਸਤੀਸ਼ - ਸੱਚੀ ਯਾਰ ਉਹ ਕਾਲਾ ਗੁਲਾਬ ਹੀ ਆ। ਜਦੋਂ ਮਰਜੀ ਚਲੇ ਜਾਵੋ ਉਸ ਕੋਲ ਹਰ ਦਮ ਮਹਿਕਦਾ ਰਹਿੰਦਾ। ਭਾਂਵੇ ਖੁਸ਼ੀ ਹੋਵੇ ਜਾਂ ਗਮੀ।

ਰਜਿੰਦਰ - ਚੱਲ ਚੱਲਦਾ ਹਾਂ ਮੈਂ। ਅੱਜ ਹੀ ਰਾਤ ਨੂੰ ਗੱਲ ਕਰਦਾ ਦੋਨਾਂ ਮਾਂ ਪੁੱਤਾਂ ਨਾਲ।

ਸਤੀਸ਼ - ਮਿਹਰਬਾਨੀ ਵੀਰ। ਤੇਰਾ ਇਹ ਅਹਿਸਾਨ ਰਹਿੰਦੀ ਉਮਰ ਤੱਕ ਨਹੀਂ ਲਹਿ ਹੋਣਾ।

ਰਜਿੰਦਰ - ਕੋਈ ਨਾ ਯਾਰਾ। ਯਾਰ ਦੁੱਖ-ਸੁੱਖ ਲਈ ਹੀ ਤਾਂ ਹੁੰਦੇ ਨੇ। ਚੱਲਦਾ ਹਾਂ ਮੈਂ ਕੱਲ ਮਿਲਦਾ ਤੈਨੂੰ।

ਸਤੀਸ਼ - ਠੀਕ ਆ ਵੀਰੇ।

ਰਜਿੰਦਰ - ਚੰਗਾ। ਚੰਗਾ ਭਾਬੀ ਜੀ।

ਏਨਾ ਆਖ ਰਜਿੰਦਰ ਆਪਣੇ ਘਰ ਨੂੰ ਚੱਲ ਪਿਆ। ਤੇ ਸਤੀਸ਼ ਤੇ ਪੂਜਾ ਉੱਥੇ ਬੈਠ ਗਏ। ਰਜਿੰਦਰ ਘਰ ਪੁੱਜਾ ਤੇ ਮਨਬੀਰ ਦੀ ਬੈਂਕ ਚੋ' ਵਾਪਸ ਆਉਣ ਦੀ ਉਡੀਕ ਕਰਨ ਲੱਗਾ। ਸ਼ਾਮ ਦੇ ਛੇ ਕੁ ਵਜੇ ਦੇ ਕਰੀਬ ਮਨਬੀਰ ਘਰ ਆਇਆ। ਉਸਨੇ ਮੂੰਹ ਹੱਥ ਧੋਤਾ ਕੱਪੜੇ ਬਦਲੇ ਤੇ ਆਪਣੇ ਪਿਤਾ ਕੋਲ ਆ ਕੇ ਬੈਠ ਗਿਆ। ਏਨੇ ਨੂੰ ਉਸਦੀ ਮਾਂ ਚਾਹ ਲੈ ਕੇ ਆ ਗਈ। ਮਨਬੀਰ

ਅਖਬਾਰ ਪੜਨ ਲੱਗਾ। ਸਾਰਾ ਪਰਿਵਾਰ ਇਕੱਠੇ ਬੈਠ ਗਏ। ਰਜਿੰਦਰ ਬੋਲਿਆ..

ਰਜਿੰਦਰ - ਮਨਬੀਰ ਪੁੱਤ ਇੱਕ ਗੱਲ ਕਰਨੀ ਸੀ ਤੇਰੇ ਤੇ ਤੇਰੀ ਮਾਂ ਨਾਲ।

ਮਨਬੀਰ - ਹਾਂਜੀ ਡੈਡੀ।

ਰਜਿੰਦਰ - ਪੁੱਤ ਤੈਨੂੰ ਪਤਾ ਅਕਸ਼ੇ ਦੀ ਮੌਤ ਪਿੱਛੋਂ ਉਸਦੇ ਘਰ ਦੀ ਰੌਣਕ ਲਗਭਗ ਖਤਮ ਹੀ ਹੋ ਗਈ ਏ। ਕਿਉਂ ਨਾ ਆਪਾ ਉਹਨਾਂ ਦੀ ਖੁਸ਼ੀ ਨੂੰ ਵਾਪਸ ਲਿਆਉਣ ਵਿੱਚ ਕੁਝ ਮਦਦ ਕਰੀਏ।

ਮਨਬੀਰ - ਕੋਈ ਨਾ ਡੈਡੀ ਜੀ। ਆਪਣੇ ਕੋਲੋਂ ਜੋ ਹੋਵੇਗਾ ਆਪਾਂ ਕਰਾਂਗੇ।

ਰਜਿੰਦਰ - ਪੁੱਤ ਤੂੰ ਸਮਝਦਾ ਹੀ ਆ ਕਿ ਅਕਸ਼ੇ ਦੇ ਪਿੱਛੋਂ ਸੰਜਨਾ ਵਿਚਾਰੀ ਇੱਕ ਦਮ ਇਕੱਲੀ ਹੋ ਗਈ ਏ। ਇੱਕ ਹੁਣ ਉਹ ਗਰਭਵਤੀ ਵੀ ਆ। ਤੇ ਸਾਰੀ ਉਮਰ ਵਿਚਾਰੀ ਇਕੱਲੀ ਕਿੱਦਾ ਕੱਢੂਗੀ। ਜੇ ਤੂੰ ਵਿਚਾਰ ਕਰੇ ਤਾਂ ਤੂੰ ਉਸਦਾ ਤੇ ਉਸਦੇ ਬੱਚੇ ਦਾ ਸਹਾਰਾ ਬਣ ਸਕਦਾ ਏ। ਬਾਕੀ ਤੇਰੇ ਤੇ ਨਿਰਭਰ ਕਰਦਾ ਕਿ ਤੂੰ ਕਿਵੇਂ ਸੋਚਦਾ ਏ। ਉਂਝ ਉਸਦਾ ਵਿਆਹ ਹੋਰ ਹੋ ਤਾਂ ਸਕਦਾ ਏ ਪਰ ਉਸਦੇ ਬੱਚੇ ਨੂੰ ਕੋਈ ਅਪਣਾਏ ਜਾਂ ਨਹੀਂ ਇਹ ਕਠਿਨਾਈ ਹੈ। ਅਗਰ ਵਿਚਾਰੀ ਇੱਕ ਦੁੱਖ ਚੋ' ਨਿਕਲ ਹੋਰ ਦੁੱਖਾਂ ਵਿੱਚ ਜਾ ਫਸੀ ਤਾਂ ਆਪਾ ਨੂੰ ਹੀ ਦੁੱਖ ਹੋਵੇਗਾ। ਬਾਕੀ ਕੁੜੀ ਮਾੜੀ ਨਹੀਂ ਆ। ਸੋਹਣੀ ਆ। ਪੜੀ ਲਿਖੀ ਆ। ਸੰਸਕਾਰੀ ਆ। ਮੈਂ ਨਹੀਂ ਚਾਹੁੰਦਾ ਕਿ ਉਹ ਹੋਰ ਦੁੱਖ ਭੋਗੇ।

ਰਣਜੀਤ - ਗੱਲ ਤਾਂ ਤੁਹਾਡੀ ਠੀਕ ਆ। ਵਿਚਾਰੀ ਦੀ ਉਮਰ ਵੀ ਅਜੇ ਕਿੰਨੀ ਕੁ ਆ ਕਿਤੇ। ਤੇ ਸਾਰੀ ਉਮਰ ਏਸੇ ਤਰ੍ਹਾਂ ਜੀਣ ਬਾਰੇ ਸੋਚਣ ਤੋਂ ਵੀ ਡਰ ਲੱਗਦਾ। ਬਾਕੀ ਮਨਬੀਰ ਤੂੰ ਸਮਝਦਾਰ ਏ। ਤੇਰੇ ਤੇ ਕੋਈ ਦਬਾ ਨਹੀਂ ਆ।

ਇਹ ਆਖ ਸਭ ਸ਼ਾਂਤ ਬੈਠ ਗਏ। ਕਰੀਬ ਪੰਜ-ਸੱਤ ਮਿੰਟ ਸੋਚਣ ਪਿਛੋਂ ਮਨਬੀਰ ਬੋਲਿਆ..

ਮਨਬੀਰ - ਅਕਸ਼ੇ ਦੇ ਮੰਮੀ ਡੈਡੀ ਮੰਨਣਗੇ? ਤੇ ਸੰਜਨਾ?

ਰਜਿੰਦਰ - ਲੈ ਪੁੱਤ ਉਨ੍ਹਾਂ ਨੇ ਹੀ ਤਾਂ ਮੈਨੂੰ ਤੇਰੇ ਨਾਲ ਗੱਲ ਕਰਨ ਨੂੰ ਕਿਹਾ। ਬਾਕੀ ਰਹੀ ਗੱਲ ਸੰਜਨਾ ਦੀ ਉਹ ਵੀ ਮੰਨ ਜਾਵੇਗੀ।

ਮਨਬੀਰ - ਠੀਕ ਆ ਡੈਡੀ ਜੀ ਜੇ ਤੁਹਾਨੂੰ ਮੰਜ਼ੂਰ ਆ ਤਾਂ ਮੈਨੂੰ ਕੋਈ ਮੁਸ਼ਕਿਲ ਨਹੀਂ। ਜਿਵੇਂ ਤੁਸੀਂ ਕਹੋਗੇਂ ਮੈਂ ਓਦਾਂ ਕਰ ਲੂ।

ਰਜਿੰਦਰ ਖੁਸ਼ ਹੋ ਕੇ ਬੋਲਿਆ..

ਰਜਿੰਦਰ - ਬੱਲੇ ਓਏ ਪੁੱਤਰਾ ਦਿਲ ਖੁਸ਼ ਕੀਤਾ ਈ। ਉੱਠ ਕੇ ਜੱਫੀ ਪਾ ਜਰਾ।

ਮਨਬੀਰ ਉੱਠਿਆ ਤੇ ਰਜਿੰਦਰ ਵੀ। ਦੋਨਾਂ ਨੇ ਬੜੇ ਖੁਸ਼ ਹੋ ਕੇ ਇੱਕ ਦੂਜੇ ਨੂੰ ਗਲ ਲਗਾਇਆ। ਫਿਰ ਰਜਿੰਦਰ ਬੋਲਿਆ।

ਰਜਿੰਦਰ - ਰੁਕ ਮੈਂ ਅਕਸ਼ੇ ਦੇ ਡੈਡੀ ਨੂੰ ਫੋਨ ਕਰ ਕੇ ਖੁਸ਼ਖਬਰੀ ਦੱਸ ਦਿਆ।

ਰਜਿੰਦਰ ਨੇ ਫੋਨ ਚੁੱਕਿਆ ਤੇ ਸਤੀਸ਼ ਦਾ ਨੰਬਰ ਲਾ ਦਿੱਤਾ। ਦੋ ਕੁ ਬੈੱਲਾਂ ਵੱਜਣ ਪਿੱਛੋਂ ਸਤੀਸ਼ ਨੇ ਫੋਨ ਚੁੱਕਿਆ। ਤੇ ਬੋਲਿਆ..

ਸਤੀਸ਼ - ਹੈਲੋ।

ਰਜਿੰਦਰ - ਮੁਬਾਰਕਾਂ ਹੋਣ ਭਾਈ। ਮੁੰਡਾ ਰਾਜੀ ਆ ਵਿਆਹ ਲਈ ਹੁਣ ਧੀ ਨੂੰ ਮਨਾਉਣ ਦੀ ਤਿਆਰੀ ਕਰ।

ਸਤੀਸ਼ - ਸੱਚੀ ਓਏ। ਆਹ ਤਾਂ ਤੂੰ ਮੇਰੇ ਦੁੱਖ ਹੌਲੇ ਕਰ ਦਿੱਤੇ ਸੱਜਣਾ। ਜਿੱਦਾਂ ਇਸ ਤੋਂ ਪਹਿਲਾਂ ਕਦੇ ਖੁਸ਼ੀ ਨਾ ਦੇਖੀ ਹੋਵੇ। ਮਿਹਰਬਾਨੀ ਯਾਰਾ।

ਰਜਿੰਦਰ - ਮਿਹਰਬਾਨੀਆਂ ਨਾ ਕਰ ਕੁੜੀ ਦੇ ਮਾਪਿਆਂ ਨੂੰ ਮਨਾਉਣ ਦੀ ਸਲਾਹ ਕਰ ਹੁਣ। ਕਿ ਕਿਦਾਂ ਮਨਾਉਣਾ ਉਨ੍ਹਾਂ ਨੂੰ।

ਸਤੀਸ਼ - ਚੱਲ ਕੱਲ ਹੀ ਗੱਲ ਕਰਨ ਚੱਲਦੇ ਹਾਂ ਉਨ੍ਹਾਂ ਨਾਲ ਵੀ। ਆਪਾ ਦੋਨੋਂ ਜਾਂਦੇ ਆ।

ਰਜਿੰਦਰ - ਠੀਕ ਆ ਕੋਈ ਨੀ ਚਲੇ ਜਾਵਾਂਗੇ। ਤੂੰ ਤਿਆਰੀ ਰੱਖ ਕੋਈ ਨਾ।

ਸਤੀਸ਼ - ਕੱਲ ਦਸ ਕੁ ਵਜੇ ਚੱਲਦੇ ਆ।

ਰਜਿੰਦਰ - ਠੀਕ ਆ ਵੀਰੇ।

ਸਤੀਸ਼ - ਮਿਹਰਬਾਨੀ ਭਰਾ। ਬਹੁਤ-ਬਹੁਤ ਮਿਹਰਬਾਨੀ।

ਰਜਿੰਦਰ - ਚੱਲ ਹੁਣ ਫੋਨ ਰੱਖ ਕੱਲ ਮਿਲਦੇ ਆ।

ਸਤੀਸ਼ - ਚੰਗਾ ਵੀਰੇ।

ਰਜਿੰਦਰ - ਚੰਗਾ ਭਰਾ।

ਏਨਾ ਆਖ ਦੋਨਾਂ ਨੇ ਫੋਨ ਕੱਟ ਦਿੱਤਾ। ਸਤੀਸ਼ ਨੇ ਬੜੀ ਕਾਹਲੀ ਚ' ਪੂਜਾ ਨੂੰ ਅਵਾਜ਼ ਮਾਰੀ।

ਸਤੀਸ਼ - ਪੂਜਾ.. ਪੂਜਾ.. ਪੂਜਾ.. ਕਿੱਥੇ ਮਰੀ ਏ।

ਪੂਜਾ - ਕੀ ਹੋਇਆ? ਕੀ ਰੌਲਾ ਪਾਇਆ ਜੇ?

ਸਤੀਸ਼ - ਮਨਬੀਰ ਦੇ ਡੈਡੀ ਦਾ ਫੋਨ ਸੀ। ਮਨਬੀਰ ਵਿਆਹ ਲਈ ਮੰਨ ਗਿਆ ਏ।

ਪੂਜਾ - ਸੱਚੀ।

ਸਤੀਸ਼ - ਹਾਂ। ਹੁਣ ਕੱਲ ਨੂੰ ਮੈਂ ਤੇ ਰਜਿੰਦਰ ਨੇ ਸੰਜਨਾ ਦੇ ਪੇਕੇ ਜਾਣਾ ਗੱਲ ਕਰਨ। ਸੱਚੇ ਪਾਤਸ਼ਾਹ ਨੇ ਚਾਹਿਆ ਤਾਂ ਉਹ ਵੀ ਮੰਨ ਜਾਣਗੇ।

ਪੂਜਾ - ਚਲੋ ਪਾਤਸ਼ਾਹ ਸਭ ਸਹੀ-ਸਹੀ ਕਰੇ।

ਏਸੇ ਤਰਾਂ ਗੱਲਾਂ ਬਾਤਾਂ ਚੱਲਦੀਆਂ ਰਹੀਆਂ ਤੇ ਰਾਤ ਗੁਜਰ ਗਈ। ਅਗਲੀ ਸਵੇਰ ਗਿਆਰਾਂ ਵਜੇ ਦੇ ਕਰੀਬ ਰਜਿੰਦਰ ਤੇ ਸਤੀਸ਼ ਸੰਜਨਾ ਦੇ ਪੇਕੇ ਪਹੁੰਚ ਗਏ। ਚਾਹ ਪਾਣੀ ਪੀਤਾ ਤੇ ਫਿਰ ਉਹਨਾਂ ਸੰਜਨਾ ਦੇ ਮੁੜ ਵਿਆਹ ਦੀ ਗੱਲ ਸਾਮਹਣੇ ਰੱਖੀ। ਪਹਿਲਾਂ ਤਾਂ ਉਸਦੇ ਮਾਪਿਆਂ ਨੇ ਸਾਫ ਮਨ੍ਹਾਂ ਕਰ

ਦਿੱਤਾ। ਫਿਰ ਰਜਿੰਦਰ ਤੇ ਸਤੀਸ਼ ਦੇ ਸਮਝਾਉਣ ਤੇ ਉਹ ਮੰਨ ਗਏ ਤੇ ਸੰਜਨਾ ਨਾਲ ਗੱਲ ਕਰਨ ਲਈ ਰਾਜੀ ਹੋ ਗਏ। ਗੱਲ ਬਾਤ ਕਰਨ ਪਿੱਛੋਂ ਸੰਜਨਾ ਦੇ ਮਾਪੇ ਵੀ ਨਾਲ ਹੀ ਅਕਸ਼ੇ ਘਰ ਆ ਗਏ। ਤੇ ਕੁਝ ਦੇਰ ਰੁਕਣ ਪਿੱਛੋਂ ਸੰਜਨਾ ਨੂੰ ਕੁਝ ਦਿਨ ਲਈ ਨਾਲ ਹੀ ਲੈ ਗਏ। ਸੰਜਨਾ ਦੋ ਕੁ ਦਿਨ ਉੱਥੇ ਰਹੀ ਤਾਂ ਉਸਦੀ ਮਾਂ ਨੇ ਸੰਜਨਾ ਨਾਲ ਦੁਬਾਰਾ ਵਿਆਹ ਬਾਰੇ ਗੱਲ ਕੀਤੀ। ਪਰ ਸੰਜਨਾ ਨੇ ਸਾਫ ਮਨ੍ਹਾ ਕਰ ਦਿੱਤਾ। ਤੇ ਚੇਤਾਵਨੀ ਦਿੱਤੀ ਕਿ ਅਗਰ ਮੁੜ ਕਿਸੇ ਨੇ ਦੁਬਾਰਾ ਵਿਆਹ ਬਾਰੇ ਸਲਾਹ ਦਿੱਤੀ ਜਾਂ ਦਬਾ ਪਾਇਆ ਤਾਂ ਉਹ ਕਦੇ ਏਥੇ ਨਹੀਂ ਆਵੇਗੀ। ਉਸ ਪਿੱਛੋਂ ਕਿਸੇ ਦੀ ਹਿੰਮਤ ਨਾ ਹੋਈ ਸੰਜਨਾ ਨਾਲ ਗੱਲ ਕਰਨ ਦੀ। ਸੰਜਨਾ ਦੀ ਮਾਂ ਨੇ ਇਸ ਬਾਰੇ ਉਸਦੀ ਸੱਸ ਨੂੰ ਦੱਸਿਆ। ਇਸ ਬਾਰੇ ਸਭ ਨੂੰ ਬਹੁਤ ਬੁਰਾ ਲੱਗਾ। ਮਨਬੀਰ ਦੇ ਪਰਿਵਾਰ ਨੂੰ ਪਤਾ ਲੱਗਣ ਤੇ ਉਨ੍ਹਾਂ ਦਾ ਦਿੱਲ ਵੀ ਟੁੱਟ ਗਿਆ। ਪਰ ਮਨਬੀਰ ਨੇ ਬਿਲਕੁਲ ਵੀ ਬੁਰਾ ਨਾ ਮੰਨਿਆ। ਉਹ ਸੰਜਨਾ ਦੇ ਪੱਖ ਨੂੰ ਭਲੀ ਭਾਂਤੀ ਸਮਝਦਾ ਸੀ। ਉਸਨੇ ਸਭ ਨੂੰ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਉਹ ਆਪ ਸੰਜਨਾ ਨਾਲ ਗੱਲ ਕਰੇਗਾ।

ਇਸ ਨਾਲ ਸਭ ਦੀ ਆਸ ਇੱਕ ਵਾਰ ਫਿਰ ਤੋਂ ਬਣ ਗਈ। ਕੁਝ ਦਿਨਾਂ ਪਿੱਛੋਂ ਮਨਬੀਰ ਸਵੇਰੇ ਤਿਆਰ ਹੋਇਆ ਤੇ ਬੁਲਟ ਕੱਢਿਆ ਤੇ ਜਾਂ ਅਕਸ਼ੇ ਦੇ ਸਹੁਰੇ ਪਹੁੰਚਿਆ। ਉਸ ਦੇ ਸਹੁਰੇ ਵੇਖ ਕੇ ਹੈਰਾਨ ਹੋਏ। ਪਰ ਉਹਨਾਂ ਮਨਬੀਰ ਦਾ ਪੂਰਾ ਸਤਿਕਾਰ ਕੀਤਾ। ਤੇ ਸੰਜਨਾ ਨੂੰ ਉਸਦੇ ਨਾਲ ਚੱਲਣ ਲਈ ਕਿਹਾ। ਸੰਜਨਾ ਨੇ ਮਨ੍ਹਾ ਕਰ ਦਿੱਤਾ। ਪਰ ਅਕਸ਼ੇ ਦਾ ਵਾਸਤਾ ਦੇਣ ਪਿੱਛੋਂ ਉਹ ਰਾਜੀ ਹੋ ਗਈ। ਉਸਨੇ ਸੰਜਨਾ ਨੂੰ ਆਪਣੇ ਪਿੱਛੇ ਬਿਠਾਇਆ ਤੇ ਇੱਕ ਵਗਦੇ

ਦਰਿਆ ਦੇ ਪੁਲ ਤੇ ਲੈ ਗਿਆ। ਪੁਲ ਕਾਫ਼ੀ ਪੁਰਾਣਾ ਸੀ ਜਿਸ ਕਾਰਨ ਉਸ ਰਾਹੀਂ ਕੋਈ ਨਹੀਂ ਸੀ ਲੰਘਦਾ। ਬੁਲਟ ਰੋਕਿਆ ਤੇ ਸੰਜਨਾ ਪਿੱਛੋਂ ਉਤਰ ਗਈ। ਮਨਬੀਰ ਵੀ ਉਤਰਿਆ। ਸੰਜਨਾ ਅੱਗੇ ਨੂੰ ਵਧੀ ਤੇ ਪੁੱਲ ਦੇ ਉਪਰੋਂ ਵਗਦੇ ਪਾਣੀ ਨੂੰ ਦੇਖਣ ਲੱਗੀ। ਮਨਬੀਰ ਵੀ ਉਸਦੇ ਪਿੱਛੇ ਹੀ ਤੁਰ ਪਿਆ। ਕਾਫ਼ੀ ਚਿਰ ਸ਼ਾਂਤ ਬੈਠੇ ਰਹੇ। ਫਿਰ ਮਨਬੀਰ ਸੰਜਨਾ ਦੇ ਕੋਲ ਗਿਆ ਤੇ ਬੋਲਿਆ..

ਮਨਬੀਰ - ਇਸ ਪਾਣੀ ਨੂੰ ਦੇਖ ਸੰਜਨਾ। ਇਹ ਹਿਮਾਲਿਆ ਤੋਂ ਹੁੰਦਾ ਹੋਇਆ ਇੱਥੇ ਆ ਪੁੱਜਦਾ ਏ। ਤੇ ਇਸਦਾ ਅਸਲ ਮਕਸਦ ਸਮੁੰਦਰ ਵਿੱਚ ਮਿਲਣਾ ਹੁੰਦਾ ਏ। ਜੱਦ ਤੱਕ ਇਹ ਸਮੁੰਦਰ ਵਿੱਚ ਨਹੀਂ ਮਿਲਦਾ ਇਹ ਚੱਲਣਾ ਬੰਦ ਨਹੀਂ ਕਰਦਾ। ਦੇਖ ਇਸਦੀ ਮਰਿਆਦਾ ਜਾਂ ਹਾਲਾਤ ਕਾਰਨ ਵਗਣਾ ਜਾਰੀ ਰਹਿੰਦਾ ਹੈ ਭਾਂਵੇ ਇਸਦੇ ਰਾਹ ਵਿੱਚ ਡੈਮ ਬਣਾ ਦਿੱਤੇ ਜਾਣ ਜਾਂ ਹੋਰ ਰੁਕਾਵਟਾਂ ਆਉਣ। ਅਗਰ ਇਸਦਾ ਵਗਣਾ ਰੁਕ ਜਾਵੇ ਤਾਂ ਕਿੰਨੇ ਜੀਵ, ਰੁੱਖ, ਜਾਨਵਰ ਪ੍ਰਭਾਵਿਤ ਹੁੰਦੇ ਨੇ। ਇਸਦੇ ਵਹਾਅ ਤੇ ਕਈ ਕੁਝ ਨਿਰਭਰ ਹੈ। ਅਗਰ ਵਹਾਅ ਬੰਜਰ ਜ਼ਮੀਨ ਵੱਲ ਚੱਲ ਪਏ ਤਾਂ ਬੰਜਰ ਨੂੰ ਹੋਰ ਕਠੋਰ ਕਰ ਦੇਵੇਗਾ ਪਰ ਉਪਜ਼ਾਊ ਜ਼ਮੀਨ ਵੱਲ ਚੱਲੇ ਤਾਂ ਹਰਿਆਲੀ ਹੀ ਹੋਵੇਗੀ। ਏਸੇ ਤਰਾਂ ਹੀ ਜਿੰਦਗੀ ਦਾ ਵਹਾਅ ਹੈ। ਅਗਰ ਰੁਕ ਗਈ ਜਾਂ ਚਾਲ ਬਦਲ ਗਈ ਤਾਂ ਬਦਲਾਵ ਪੂਰੀ ਤਰਾਂ ਬਦਲ ਜਾਂਦਾ ਹੈ। ਇੱਕ ਜਿੰਦਗੀ ਸਿਰਫ ਇੱਕ ਲਈ ਹੀ ਨਹੀਂ ਹੁੰਦੀ। ਉਸ ਨਾਲ ਹੋਰ ਵੀ ਜਿੰਦਗੀਆਂ ਜੁੜੀਆਂ ਹੁੰਦੀਆਂ ਨੇ। ਇਹ ਸਾਡੇ ਤੇ ਨਿਰਭਰ ਹੈ ਅਸੀਂ ਆਪਣੀ ਜਿੰਦਗੀ ਨੂੰ ਕਿਸ ਪਾਸੇ ਵੱਲ ਮੋੜਨਾ ਹੈ। ਬੰਜਰ ਜ਼ਮੀਨ ਵਾਲੇ ਪਾਸੇ ਜਾਂ ਉਪਜ਼ਾਊ ਜ਼ਮੀਨ ਵਾਲੇ ਪਾਸੇ।

ਸੰਜਨਾ ਨੇ ਮਨਬੀਰ ਦੀਆਂ ਗੱਲਾਂ ਸੁਣੀਆਂ ਤੇ ਬੋਲੀ।

ਸੰਜਨਾ - ਮੇਰੀ ਜਿੰਦਗੀ ਤਾਂ ਪਹਿਲਾਂ ਹੀ ਬੰਜਰ ਏ। ਇਹ ਕਿਸੇ ਵੱਲ ਮੁੜੀ ਜਾਂ ਇਸ ਵਿੱਚ ਕੋਈ ਆਇਆ ਤਾਂ ਉਹ ਵੀ ਮੇਰੀ ਤਰ੍ਹਾਂ ਹੋ ਜਾਵੇਗਾ।

ਮਨਬੀਰ - ਜਿੰਦਗੀ ਬੰਜਰ ਨਹੀਂ ਹੁੰਦੀ। ਰਾਹ ਬੰਜਰ ਹੁੰਦੇ ਨੇ। ਜਿੰਦਗੀ ਤਾਂ ਵਹਾਅ ਏ। ਜਿਸ ਪਾਸੇ ਮੋੜੋਗੇ ਉਹੋ ਜਿਹੀ ਹੋ ਜਾਵੇਗੀ।

ਸੰਜਨਾ - ਅਗਰ ਮੈਂ ਦੁਬਾਰਾਂ ਵਿਆਹ ਕਰਾ ਲਿਆ ਤਾਂ ਅਕਸ਼ੇ ਕੀ ਸੋਚੂ। ਕਿ ਮੇਰੇ ਮਰਨ ਪਿੱਛੋਂ ਇਹ ਖੁਸ਼ੀਆਂ ਮਨਾਉਂਦੀ ਫਿਰਦੀ ਏ। ਲੋਕ ਵੰਨ-ਸੁਵੰਨੀਆਂ ਗੱਲਾਂ ਕਰਨਗੇ। ਮੇਰੇ ਕੋਲੋਂ ਲੋਕਾਂ ਦੀਆਂ ਗੱਲਾਂ ਨਹੀਂ ਸੁਣੀਆਂ ਜਾਣੀਆਂ। ਅਕਸ਼ੇ ਦੀ ਸ਼ਹੀਦੀ ਦੇ ਸਨਮਾਨ ਨੂੰ ਮੈਂ ਆਪਣੇ ਕਾਰਨ ਬਦਨਾਮੀ ਵਿੱਚ ਨਹੀਂ ਬਦਲ ਸਕਦੀ।

ਮਨਬੀਰ - ਮੈਨੂੰ ਲੱਗਦਾ ਅਕਸ਼ੇ ਨੂੰ ਤੇਰੇ ਨਾਲੋਂ ਮੈਂ ਜਿਆਦਾ ਜਾਣਦਾ ਹਾਂ। ਤੇ ਉਹ ਹਮੇਸ਼ਾ ਜਿੰਦਗੀ ਦਾ ਆਸ਼ਕ ਰਿਹਾ ਏ ਨਾ ਕਿ ਖੁਦਖੁਸ਼ੀ ਤੇ ਕਾਇਰਤਾ ਦਾ। ਬਾਕੀ ਅਗਰ ਕਿਸੇ ਦੇ ਮਰਨ ਪਿੱਛੋਂ ਅਜੇ ਤੱਕ ਕਦੇ ਵੀ ਵਿਕਾਸ ਨਹੀਂ ਰੁਕਿਆ। ਹਰ ਵਕਤ ਗਮ ਨੂੰ ਜਿੰਦਗੀ ਵਿੱਚ ਧਾਰੀ ਰੱਖਾਂਗੇ ਤਾਂ ਖੁਸ਼ੀਆਂ ਨੇ ਕਦੇ ਵੀ ਦਸਤਕ ਨਹੀਂ ਦੇਣੀ। ਰਹੀ ਗੱਲ ਲੋਕਾਂ ਦੀ ਤਾਂ ਉਹ ਹੁਣ ਗੱਲਾਂ ਕਰਨਗੇ ਪਰ ਕੁਝ ਦੇਰ ਪਿੱਛੋਂ ਚੁੱਪ ਹੋ ਜਾਣਗੇ। ਹੁਣ ਤੂੰ ਸੋਚ ਲਾ, ਕਿ ਹੁਣ ਗੱਲਾਂ ਸੁਣਨੀਆਂ ਨੇ ਜਾਂ ਸਾਰੀ ਉਮਰ। ਕਿਉਂਕਿ ਜਿੰਨਾਂ ਨੇ ਗੱਲਾਂ

ਕਰਨੀਆਂ ਨੇ ਉਹਨਾਂ ਕੋਈ ਨਾ ਕੋਈ ਬਹਾਨਾ ਲੱਭ ਹੀ ਲੈਣਾ ਏ। ਲੋਕਾਂ ਦੀ ਪਰਵਾਹ ਕਰਦੇ ਰਹੇ ਤਾਂ ਜਿੰਦਗੀ ਰੁਕੀ ਹੀ ਰਹੇਗੀ।

ਸੰਜਨਾ - ਮੈਂ ਗਰਭਵਤੀ ਹਾਂ।

ਮਨਬੀਰ - ਜਾਣਦਾ ਹਾਂ ਮੈਂ।

ਸੰਜਨਾ - ਦੂਜੇ ਵਿਆਹ ਪਿੱਛੋਂ ਹੋਰ ਬੱਚੇ ਹੋਏ ਤਾਂ ਇਸਦੀ ਕਦਰ ਘੱਟ ਜਾਵੇਗੀ।

ਮਨਬੀਰ - ਮੈਂ ਕਦੇ ਵੀ ਹੋਰ ਬੱਚੇ ਦੀ ਮੰਗ ਨਹੀਂ ਕਰਾਂਗਾਂ। ਅਕਸ਼ੇ ਦੇ ਬੱਚੇ ਨੂੰ ਹੀ ਪਿਉ ਬਣ ਪਿਆਰ ਦਿਆਂਗਾਂ।

ਸੰਜਨਾ - ਮੈਂ ਦੁਬਾਰਾਂ ਵਿਆਹ ਦੀਆਂ ਖੁਸ਼ੀਆਂ ਨਹੀਂ ਮਨਾਉਣਾ ਚਾਹੁੰਦੀ।

ਮਨਬੀਰ - ਆਪਾ ਕੋਰਟ ਮੈਰਿਜ ਕਰਾ ਲਵਾਂਗੇ।

ਸੰਜਨਾ - ਮੈਨੂੰ ਕਦੇ ਵੀ ਜਿਸਮਾਨੀ ਤਾਲੂਕਾਤ ਬਣਾਉਣ ਲਈ ਮਜਬੂਰ ਨਹੀਂ ਕਰੋਗੇ।

ਮਨਬੀਰ - ਜਦ ਤੱਕ ਤੇਰੀ ਹਾਮੀ ਨਹੀਂ ਹੋਵੇਗੀ ਮੈਂ ਕਦੇ ਛੂਹਾਂਗਾ ਵੀ ਨਹੀਂ।

ਫਿਰ ਕੁਝ ਦੇਰ ਲਈ ਦੋਨੋਂ ਚੁੱਪ ਹੋ ਗਏ। ਫਿਰ ਮਨਬੀਰ ਬੋਲਿਆ..

ਮਨਬੀਰ - ਕੁਝ ਹੋਰ ਵੀ ਦਿਲ ਵਿੱਚ ਸਵਾਲ ਹੋਵੇ ਤਾਂ ਬੇ ਝਿੱਜਕ ਦੱਸ ਦੇ। ਮੈਨੂੰ ਕੋਈ ਮੁਸ਼ਕਿਲ ਨਹੀਂ।

ਸੰਜਨਾ - ਨਹੀਂ ਕੋਈ ਸਵਾਲ ਨਹੀਂ। ਬੱਸ ਮੇਰੇ ਬੱਚੇ ਨੂੰ ਆਪਣਾ ਸਮਝਣਾ।

ਮਨਬੀਰ - ਮੈਂ ਕਦੇ ਜੁਬਾਨ ਤੋਂ ਨਹੀਂ ਫਿਰਦਾ। ਜੇ ਤੈਨੂੰ ਕੋਈ ਸ਼ੱਕ ਹੈ ਤੇ ਮੇਰੇ ਕੋਲੋਂ ਲਿਖਤੀ ਬਿਆਨ ਲੈ ਸਕਦੀ ਏ।

ਸੰਜਨਾ - ਨਹੀਂ ਉਸਦੀ ਕੋਈ ਲੋੜ ਨਹੀਂ ਮੈਨੂੰ ਯਕੀਨ ਹੈ।

ਮਨਬੀਰ - ਸ਼ੁਕਰੀਆ। ਏਨਾ ਯਕੀਨ ਰੱਖਣ ਲਈ। ਬਸ ਚੱਲੀਏ ਹੁਣ।

ਸੰਜਨਾ - ਹਾਂਜੀ।

ਏਨਾ ਆਖ ਦੋਨੋਂ ਮੋਟਰਸਾਇਕਲ ਵੱਲ ਨੂੰ ਤੁਰ ਪਏ। ਉਹ ਸੰਜਨਾ ਦੇ ਘਰ ਗਏ ਤੇ ਓਥੋਂ ਉਸਦਾ ਸਮਾਨ ਲੈ ਅਕਸ਼ੇ ਦੇ ਘਰ ਪਹੁੰਚ ਗਏ। ਮਨਬੀਰ ਨੇ ਸਭ ਨੂੰ ਸੰਜਨਾ ਦੇ ਵਿਆਹ ਲਈ ਰਾਜੀ ਹੋਣ ਬਾਰੇ ਦੱਸਿਆ । ਸਭ ਖੁਸ਼ ਹੋਏ। ਫਿਰ ਕਰੀਬ ਪੰਦਰਾਂ ਦਿਨ ਬਾਅਦ ਤਿੰਨਾਂ ਪਰਿਵਾਰਾਂ ਨੇ ਰਲ ਕੇ ਉਨ੍ਹਾਂ ਦੀ ਕੋਰਟ ਮੈਰਿਜ ਕਰਵਾ ਦਿੱਤੀ। ਸੱਤ ਕੁ ਮਹੀਨੇ ਪਿੱਛੋਂ ਉਹਨਾਂ ਦੇ ਘਰ ਇੱਕ ਬੇਟੀ ਨੇ ਜਨਮ ਲਿਆ ਜਿਸਦਾ ਨਾਮ ਸੁਮਨ ਰੱਖਿਆ ਗਿਆ। ਉਸ ਤੋਂ ਬਾਅਦ ਕਦੇ ਵੀ ਮਨਬੀਰ ਨੇ ਸੰਜਨਾ ਨੂੰ ਹੋਰ ਬੱਚੇ ਲਈ ਮਜਬੂਰ ਨਹੀਂ ਕੀਤਾ। ਵਕਤ ਦੇ ਨਾਲ-ਨਾਲ ਸੰਜਨਾ ਦੇ ਰੋਸ ਮਿੱਟ ਗਏ। ਉਨ੍ਹਾਂ ਦੇ ਮਨਾਂ ਤੇ ਜਿਸਮਾਂ ਦੌਰਾਨ ਦੂਰੀਆਂ ਜਿਆਦਾ ਦੇਰ ਨਾ ਰਹੀਆਂ।

ਇਨਸਾਨ ਨੂੰ ਕਦੇ ਵੀ ਉਸਦੇ ਪਹਿਰਾਵੇ, ਧਰਮ, ਜਾਤ ਜਾਂ ਰੰਗ ਤੋਂ ਨਹੀਂ ਪਰਖਣਾ ਚਾਹੀਦਾ। ਕੋਈ ਨਹੀਂ ਜਾਣਦਾ ਕਿ ਪਾਟੇ ਲੀੜਿਆਂ ਪਿੱਛੇ ਕਿੰਨਾ ਕੁ

ਅਮੀਰ ਜਾਂ ਮਹਾਨ ਇਨਸਾਨ ਲੁਕਿਆ ਬੈਠਾ ਏ। ਜਾਂ ਕਾਲੇ ਰੰਗ ਪਿੱਛੇ ਕਿੰਨਾ ਕੁ ਇਮਾਨਦਾਰ ਤੇ ਖੂਬਸੂਰਤ ਦਿਲ ਹੈ। ਮੈਂ ਕਈ ਇਹੋ ਜਿਹੇ ਇਨਸਾਨਾਂ ਦਾ ਨੇੜੂ ਹੋਇਆਂ ਹਾਂ। ਜੋ ਰੰਗ ਪੱਖੋਂ ਕੋਇਲਾ ਤੇ ਦਿਲ ਪੱਖੋਂ ਗੁਣਾਂ ਸਹਿਤ ਭਰਪੂਰ। ਮਨਬੀਰ ਭਾਂਵੇ ਰੰਗ ਦਾ ਕਾਲਾ ਸੀ ਪਰ ਉਹ ਉਸ ਕਾਲੇ ਗੁਲਾਬ ਦੀ ਤਰਾਂ ਸੀ ਜੋ ਮਹਿਕਣ ਵਿੱਚ ਤੇ ਸਭ ਨੂੰ ਖੁਸ਼ੀ ਦੇਣ ਵਿੱਚ ਸਭ ਤੋਂ ਅੱਵਲ ਨੰਬਰ ਤੇ ਸੀ। ਉਸਨੇ ਸੰਜਨਾ ਦੇ ਦੁੱਖ ਨੂੰ ਸਮਝਿਆ। ਤੇ ਬਿਨਾਂ ਕਾਹਲੀ ਕੀਤੇ ਉਸ ਨੂੰ ਜਿੰਦਗੀ ਨੂੰ ਸਮਝਣ ਲਈ ਸਮਾਂ ਦਿੱਤਾ ਤੇ ਉਸਦਾ ਵਿਸ਼ਵਾਸ ਬਣਾਈ ਰੱਖਣ ਲਈ ਹਾਲਾਤਾਂ ਨੂੰ ਸਮਝਦੇ ਹੋਏ ਉਸੇ ਵਚਨਾਂ ਵਿੱਚ ਹਾਮੀ ਭਰੀ। ਉਸਨੂੰ ਬੜੇ ਹੀ ਸਬਰ ਸਹਿਤ ਜਿੰਦਗੀ ਦੀ ਅਸਲ ਸਚਾਈ ਤੋਂ ਜਾਣੂ ਕਰਵਾਇਆ ਤੇ ਉਮਰ ਭਰ ਸਾਥ ਨਿਭਾਉਣ ਦਾ ਵਚਨ ਦਿੱਤਾ। ਉਸਦੇ ਇਹਨਾਂ ਗੁਣਾਂ ਕਾਰਨ ਹੀ ਉਹ ਸੰਜਨਾ ਲਈ ਇੱਕ ਕਾਲਾ ਗੁਲਾਬ ਬਣ ਕੇ ਉੱਭਰਿਆ।

ਇਹ ਕਹਾਣੀ ਭਾਂਵੇ ਲਿਖਤੀ ਰੂਪ ਵਿੱਚ ਮੇਰੀ ਜੁਬਾਨ ਵਿੱਚ ਹੈ ਪਰ ਇਸਦੀ ਸੋਚ ਰੱਖਣ ਵਾਲਾ ਕੋਈ ਹੋਰ ਨਹੀਂ ਮੇਰੇ ਸਤਿਕਾਰ ਯੋਗ ਪਿਤਾ ਸਰਦਾਰ ਕਸ਼ਮੀਰ ਸਿੰਘ ਜੀ ਹਨ। ਉਨ੍ਹਾਂ ਮੈਨੂੰ ਕਿਹਾ ਕਿ ਦੋ ਐਸੇ ਬੰਦਿਆਂ ਦੀ ਕਹਾਣੀ ਬਿਆਨ ਕਰਾਂ ਜੋ ਧਰਮ ਦੇ ਨਜਰੀਏ ਤੋਂ ਭਾਂਵੇ ਦੋ ਨਜਰ ਆਉਣ ਪਰ ਉਹ ਦਿਲ ਅਤੇ ਸੋਚ ਦੇ ਪੱਖ ਤੋਂ ਇੱਕ ਹੋਣ। ਜਿਵੇਂ ਇਸ ਕਹਾਣੀ ਵਿੱਚ ਰਜਿੰਦਰ ਤੇ ਸਤੀਸ਼ ਦੇ ਯਾਰੀ ਦੇ ਭਾਵ ਨੂੰ ਪੇਸ਼ ਕੀਤਾ ਗਿਆ ਸਭ ਮੇਰੇ ਪਿਤਾ ਜੀ ਦੀ ਸੋਚ ਦਾ ਨਤੀਜਾ ਹੈ। ਉਹ ਆਪ ਵੀ ਬਹੁਤ ਵਧੀਆ ਲਿੱਖਦੇ ਨੇ। ਪਰ ਉਹਨਾਂ ਆਪਣੀ ਸੋਚ ਨੂੰ ਮੇਰੇ ਸਬਦਾਂ ਵਿੱਚ ਬਿਆਨ ਕਰਨ ਲਈ ਮੈਨੂੰ ਕਿਹਾ।

ਮੈਂ ਬੜਾ ਧੰਨਵਾਦੀ ਹਾਂ ਆਪਣੇ ਪਿਤਾ ਜੀ ਦਾ ਕਿ ਉਨ੍ਹਾਂ ਦਾ ਅੰਸ਼ ਹੋਣ ਕਾਰਨ ਹੀ ਮੇਰੇ ਵਿੱਚ ਲਿਖਣ ਦਾ ਗੁਣ ਹੈ ਤੇ ਨਵੀਆਂ ਰਚਨਾਵਾਂ ਪੈਦਾ ਕਰਨ ਦਾ ਹੁਨਰ ਹੈ। ਜਿਸ ਤਰਾਂ ਮੇਰੇ ਪਿਤਾ ਦੇ ਕੁਝ ਗੁਣ ਮੇਰੇ ਅੰਦਰ ਹਨ। ਓਸੇ ਤਰਾਂ ਮਨਬੀਰ ਦੇ ਅੰਦਰ ਵੀ ਆਪਣੇ ਪਿਤਾ ਦੇ ਗੁਣ ਨਜਰ ਆਉਂਦੇ ਨੇ। ਨਿਰਭਰ ਸ਼ੰਸਕਾਰਾਂ ਤੇ ਕਰਦਾ ਹੈ। ਅਗਰ ਘਰ ਦਾ ਮਾਹੌਲ ਅਨੁਸ਼ਾਸਨ ਭਰਪੂਰ ਹੋਵੇਗਾ ਤਾਂ ਹਰ ਘਰ ਮਨਬੀਰ ਵਰਗੇ ਪੁੱਤ ਹੀ ਜਨਮ ਲੈਣਗੇ।

ਪ੍ਰੀਤ ਸਿੰਘ ਭੈਣੀ

+919779324826

(ਇਸ ਕਹਾਣੀ ਤੇ ਵਿਚਾਰ ਕਰਨ ਲਈ ਜਾਂ ਹੋਰ ਕਹਾਣੀਆਂ ਪੜਨ ਲਈ ਤੁਸੀਂ ਮੈਨੂੰ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ।)

Instagram

@preet.bhaini

@preet_di_shayari

To read all writings of Preet Singh Bhaini visit Punjabi Library

**www.punjabilibrary.com/authors/preet-singh-bhaini/**